ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com



ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
Email : lokbani08@gmail.com
ਬੁੱਧਵਾਰ, 18 ਮਈ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

R.N.I. Punpun/29016/2008 ✲ ਸਾਲ : 14 ✲ ਅੰਕ : 429 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਫਰਾਂਸ ਨੂੰ ਮਿੱਲੀ 2 ਮਹਿਲਾ ਪ੍ਰਧਾਨ ਮੰਤਰੀ ਐਲਿਜ਼ਾਬੈਥ

ਫਰਾਂਸ ਦੀ ਸਿਆਸਤਦਾਨ ਐਲਿਜਾਬੇਥ ਬੋਰਨ ਨੂੰ ਸੋਮਵਾਰ ਨੂੰ ਫਰਾਂਸ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ। ਐਲਿਜਾਬੇਥ ਇਸ ਅਹੁਦੇ 'ਤੇ ਕਾਬਜ ਹੋਣ ਵਾਲੀ ਫਰਾਂਸ ਦੀ ਦੂਜੀ ਮਹਿਲਾ ਬਣ ਗਈ ਹੈ। 61 ਸਾਲਾ ਐਲਿਜਾਬੈਥ ਬੋਰਨ ਪਿਛਲੀ ਸਰਕਾਰ ਵਿੱਚ ਕਿਰਤ ਮੰਤਰੀ ਸਨ। ਉਹ ਜੀਨ ਕਾਸਟੈਕਸ ਦੀ ਥਾਂ ਲਵੇਗੀ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਕਾਸਟੈਕਸ ਰਾਸਟਰਪਤੀ ਇਮੈਨੁਅਲ ਮੈਕਰੋਨ ਦੇ ਦੁਬਾਰਾ ਚੁਣੇ ਜਾਣ ਤੋਂ ਬਾਅਦ ਅਸਤੀਫਾ ਦੇ ਦੇਵੇਗਾ। ਮੈਕਰੋਨ ਅਤੇ ਬੋਰਨ ਆਉਣ ਵਾਲੇ ਦਿਨਾਂ ਵਿੱਚ ਇੱਕ ਪੂਰੀ ਸਰਕਾਰ ਦੀ ਨਿਯੁਕਤੀ ਕਰਨਗੇ।

ਬੋਰਨ ਦੀ 2020 ਵਿੱਚ ਹੋਈ ਸੀ ਆਲੋਚਨਾ

2020 ਵਿੱਚ ਕਿਰਤ ਮੰਤਰੀ ਬਣਨ ਤੋਂ ਬਾਅਦ, ਬੋਰਨ ਨੇ ਕਈ ਬਦਲਾਅ ਕੀਤੇ, ਜਿਸ ਨਾਲ ਬੇਰੁਜਗਾਰਾਂ ਨੂੰ ਦਿੱਤੇ ਜਾਣ ਵਾਲੇ ਭੱਤੇ ਨੂੰ ਘਟਾ ਦਿੱਤਾ ਗਿਆ। ਉਸ ਦੇ ਇਸ ਕਦਮ ਦੀ ਟਰੇਡ ਯੂਨੀਅਨਾਂ ਅਤੇ ਖੱਬੇਪੱਖੀਆਂ ਦੁਆਰਾ ਵਿਆਪਕ ਆਲੋਚਨਾ ਕੀਤੀ ਗਈ ਸੀ। ਇਸ ਤੋਂ ਪਹਿਲਾਂ 2018 ਵਿੱਚ, ਜਦੋਂ ਉਹ ਟਰਾਂਸਪੋਰਟ ਮੰਤਰੀ ਬਣੀ ਸੀ, ਤਾਂ ਉਸਨੂੰ ਰੇਲਵੇ ਕੰਪਨੀ ਦੀ ਹੜਤਾਲ ਦਾ ਸਾਹਮਣਾ ਕਰਨਾ ਪਿਆ ਸੀ। ਵਾਸਤਵ ਵਿੱਚ, ਬੌਰਨ ਨੇ ਸਦਨ ਵਿੱਚ ਇੱਕ ਬਿੱਲ ਲਿਆਂਦਾ, ਜਿਸ ਵਿੱਚ ਮੁਕਾਬਲੇ ਲਈ ਰੇਲ ਨੈੱਟਵਰਕ ਨੂੰ ਖੋਲ੍ਹਣ ਅਤੇ ਭਾੜੇ ਦੇ ਕਰਮਚਾਰੀਆਂ ਦੀਆਂ ਸਥਾਈ ਨੌਕਰੀਆਂ ਅਤੇ ਲਾਭਾਂ ਨੂੰ ਖਤਮ ਕਰਨ ਦੀ ਯੋਜਨਾ ਬਣਾਈ ਗਈ ਸੀ। ਆਖਰਕਾਰ ਉਹ ਬਿੱਲ ਪਾਸ ਕਰਵਾਉਣ ਵਿਚ ਸਫਲ ਹੋ ਗਈ। ਐਲਿਜਾਬੈਥ ਬੋਰਨ ਕਦੇ ਵੀ ਚੋਣ ਦੁਆਰਾ ਨਹੀਂ ਆਈ।

## ਪੰਜਾਬ ਵਿੱਚ ਗਰਮੀ ਦੇ ਮੌਸਮ 'ਚ ਬਿਜਲੀ ਸੰਕਟ ਹੋਇਆ ਗੰਭੀਰ

**ਜਲੰਧਰ/ਰਾਕੇਸ਼ ਵਰਮਾ**

ਗੁਰੂ ਗੋਬਿੰਦ ਸਿੰਘ ਸੁਪਰ ਪਲਾਂਟ ਰੂਪਨਗਰ ਦਾ ਬੀਤੀ ਦੇਰ ਸਾਮ ਬੰਦ ਹੋਇਆ 5 ਨੰਬਰ ਯੂਨਿਟ ਅੱਜ ਬਾਅਦ ਦੁਪਹਿਰ ਤੱਕ ਵੀ ਚਾਲੂ ਨਹੀਂ ਹੋ ਸਕਿਆ। ਥਰਮਲ ਪਲਾਂਟ ਦੇ ਇੰਜਨੀਅਰਾਂ ਦੀ ਟੀਮ ਯੂਨਿਟ ਦੀ ਮੁਰੰਮਤ ਕਰਨ ਵਿੱਚ ਜੁਟੀ ਹੋਈ ਹੈ। 5 ਨੰਬਰ ਯੂਨਿਟ ਬੀਤੀ ਦੇਰ ਸਾਮ 7.40 ਵਜੇ ਬੰਦ ਹੋ ਗਿਆ ਸੀ ਤੇ ਥਰਮਲ ਪਲਾਂਟ ਦੇ ਪ੍ਰਬੰਧਕਾਂ ਦੁਆਰਾ ਇਸ ਯੂਨਿਟ ਦੇ ਬਦਲੇ 3 ਨੰਬਰ ਯੂਨਿਟ ਨੂੰ ਚਲਾਉਣ ਦੀ ਤਿਆਰੀ ਕਰ ਲਈ ਗਈ ਸੀ ਪਰ ਤਲਵੰਡੀ ਸਾਬੋ ਦੇ ਪ੍ਰਾਈਵੇਟ ਥਰਮਲ ਪਲਾਂਟ ਦੇ ਤਿੰਨੋਂ ਯੂਨਿਟ ਪੂਰੀ ਸਮਰਥਾ 'ਤੇ ਚੱਲਣ ਤੇ ਬਿਜਲੀ ਦੀ ਮੰਗ ਘੱਟ ਹੋਣ ਕਾਰਨ ਪਾਵਰਕਾਮ ਮੈਨੇਜਮੈਂਟ ਵੱਲੋਂ 3 ਨੰਬਰ ਯੂਨਿਟ ਨੂੰ ਚਲਾਉਣ ਲਈ ਹਰੀ ਝੰਡੀ ਨਹੀਂ ਮਿਲੀ। ਪਾਵਰਕਾਮ ਦੇ ਲੋਡ ਡਿਸਪੈਚ ਸੈਂਟਰ ਅਨੁਸਾਰ ਥਰਮਲ ਪਲਾਂਟ ਰੂਪਨਗਰ 4 ਨੰਬਰ ਯੂਨਿਟ 187 ਅਤੇ 6 ਨੰਬਰ ਯੂਨਿਟ 198 ਮੈਗਾਵਾਟ ਬਿਜਲੀ ਦਾ ਉਤਪਾਦਨ ਕਰ ਰਿਹਾ ਸੀ।



## ਮੀਂਹ ਪੈਣ ਨਾਲ ਕੇਦਾਰਨਾਥ ਯਾਤਰਾ, ਗੌਰੀਕੁੰਡ ਦਾ ਰਸਤਾ ਟੁੱਟਿਆ



**ਰੁਦਰਪ੍ਰਯਾਗ/ਲੋਕ ਬਾਣੀ**:- ਸੋਮਵਾਰ ਨੂੰ ਮੀਂਹ ਕਾਰਨ ਹਾਈਵੇਅ 'ਤੇ ਯਾਤਰੀਆਂ ਨੂੰ ਰੋਕਣ ਤੋਂ ਬਾਅਦ ਮੰਗਲਵਾਰ ਨੂੰ ਗੌਰੀਕੁੰਡ ਵਾਕਵੇਅ ਟੁੱਟ ਗਿਆ। ਜਿਸ ਕਾਰਨ ਕੇਦਾਰਨਾਥ ਜਾਣ ਵਾਲੇ ਦਸ ਹਜਾਰ ਤੋਂ ਵੱਧ ਸਰਧਾਲੂਆਂ ਨੂੰ ਵੱਖ-ਵੱਖ ਸਟਾਪਾਂ 'ਤੇ ਰੋਕ ਦਿੱਤਾ ਗਿਆ ਹੈ। ਪ੍ਰਸਾਸਨ ਦਾ ਦਾਅਵਾ ਹੈ ਕਿ ਜਲਦੀ ਹੀ ਸੜਕ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ ਪਰ ਕਰੀਬ ਤਿੰਨ ਘੰਟੇ ਬੀਤ ਜਾਣ ਦੇ ਬਾਵਜੂਦ ਵੀ ਸੜਕ ਦੀ ਮੁਰੰਮਤ ਨਹੀਂ ਹੋ ਸਕੀ। ਹਾਲਾਂਕਿ ਰਸਤਾ ਸੁਖਾਵਾਂ ਕਰਨ ਤੋਂ ਬਾਅਦ ਯਾਤਰੀਆਂ ਨੂੰ ਅੱਗੇ ਭੇਜ ਦਿੱਤਾ ਗਿਆ। ਸਵੇਰੇ ਛੇ ਵਜੇ ਪਹਾੜੀ ਟੁੱਟਣ ਕਾਰਨ ਪੈਦਲ ਰਸਤਾ ਟੁੱਟ ਗਿਆ ਸੀ।

## ਭਵਿੱਖ ਵਿੱਚ ਅੱਜੇ ਵਸਤੂਆਂ ਦੀਆਂ ਕੀਮਤਾਂ ਘਟਣ ਦੀ ਕੋਈ ਉਮੀਦ ਨਹੀਂ ਸਰਵੇ ਰਿਪੋਰਟ

**ਦਿੱਲੀ/ਕਪੂਰ**:- ਭਾਰਤੀ ਸਟੇਟ ਬੈਂਕ ਦੀ ਖੋਜ ਰਿਪੋਰਟ ਈਕੋਰੈਪ ਵਿੱਚ ਬੈਂਕ ਨੇ ਕਿਹਾ ਹੈ ਕਿ ਮਹਿੰਗਾਈ ਵਧਣ ਦਾ ਮੁੱਖ ਕਾਰਨ ਰੂਸ-ਯੂਕਰੇਨ ਯੁੱਧ ਹੈ। ਰਿਪੋਰਟ ਮੁਤਾਬਕ ਇਸ ਲਈ ਆਰਬੀਆਈ ਨੂੰ ਦੋਸੀ ਠਹਿਰਾਉਣਾ ਅਰਥਹੀਣ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਆਉਣ ਵਾਲੇ ਸਮੇਂ 'ਚ ਮਹਿੰਗਾਈ ਦੇ ਹੇਠਾਂ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਰਿਪੋਰਟ ਮੁਤਾਬਕ ਪੇਂਡੂ ਖੇਤਰਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਬਹੁਤ ਜਿਆਦਾ ਹਨ ਅਤੇ ਸਹਿਰੀ ਖੇਤਰਾਂ ਵਿੱਚ ਬਹੁਤ ਜਿਆਦਾ ਹੋ ਗਈਆਂ ਹਨ।

## ਸਰਕਾਰੀ ਬੱਸ ਕਰਮਚਾਰੀਆਂ ਨੇ ਦਿੱਤੀ ਸਰਕਾਰ ਨੂੰ ਮੰਗਾਂ ਨਾ ਮਨਣ ਤੇ ਬੱਸਾਂ ਨਾ ਚਲਾਉਣ ਦੀ ਧਮਕੀ

**ਚੰਡੀਗੜ੍ਹ/ਵਿਨੋਦ ਸ਼ਰਮਾ**:- ਬੁਢਲਾਡਾ, 17 ਮਈ (ਸਵਰਨ ਸਿੰਘ ਰਾਹੀ)-ਆਪਣੀਆਂ ਮੰਗਾਂ ਦੀ ਪੂਰਤੀ ਨਾ ਹੋਣ ਤੋਂ ਅੱਕੇ ਪੀ.ਆਰ.ਟੀ.ਸੀ., ਪੰਜਾਬ ਰੋਡਵੇਜ਼, ਪਨਬੱਸ, ਕੰਟਰੈਕਟਰ ਵਰਕਰਜ਼ ਯੂਨੀਅਨ ਨੇ ਹੜਤਾਲ 'ਤੇ ਜਾਣ ਦੀ ਧਮਕੀ ਦਿੱਤੀ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਨੇ ਕਿਹਾ ਕਿ ਜੇਕਰ ਟਰਾਂਸਪੋਰਟ ਵਿਭਾਗ ਨੇ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ 18 ਮਈ ਨੂੰ ਦੁਪਹਿਰ 12 ਵਜੇ ਤੋਂ ਬਾਅਦ ਸੂਬੇ 'ਚ ਬੱਸਾਂ ਨਹੀਂ ਚੱਲਣ ਦਿੱਤੀਆਂ ਜਾਣਗੀਆਂ।

## ਉਦੈਗਿਰੀ ਮਿਲਿਆ ਭਾਰਤੀ ਹਵਾਈ ਫੌਜ ਨੂੰ




**ਦਿੱਲੀ/ਕਪੂਰ**:- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਮੁੰਬਈ ਦੇ ਮਜਾਗਨ ਡੌਕ ਵਿਖੇ ਭਾਰਤੀ ਜਲ ਸੈਨਾ ਦੇ ਦੋ ਸਵਦੇਸੀ ਤੌਰ 'ਤੇ ਬਣੇ ਫਰੰਟਲਾਈਨ ਜੰਗੀ ਬੇੜੇ 'ਸੂਰਤ' ਅਤੇ 'ਉਦਯਾਗਿਰੀ' ਨੂੰ ਲਾਂਚ ਕੀਤਾ। ਮਜਾਗਨ ਡੌਕ ਲਿਮਿਟੇਡ ਨੇ ਇੱਕ ਬਿਆਨ ਵਿੱਚ ਕਿਹਾ ਕਿ ਪਹਿਲੀ ਵਾਰ ਦੋ ਸਵਦੇਸੀ ਤੌਰ 'ਤੇ ਬਣਾਏ ਗਏ ਜੰਗੀ ਜਹਾਜਾਂ ਨੂੰ ਚਾਲੂ ਕੀਤਾ ਗਿਆ ਹੈ। ਇੱਕ ਜਨਤਕ ਖੇਤਰ ਦੀ ਰੱਖਿਆ ਕੰਪਨੀ ਹੈ ਜੋ ਵੱਡੇ ਜਹਾਜਾਂ ਅਤੇ ਪਣਡੁੱਬੀਆਂ ਦਾ ਨਿਰਮਾਣ ਕਰਦੀ ਹੈ।

## ਕਿਸਾਨ ਆਪਣੀਆਂ ਮੰਗਾਂ ਲੈ ਕੇ ਕਰ ਰਹੇ ਹਨ ਪ੍ਰਦਰਸ਼ਨ

**ਚੰਡੀਗੜ/ਵਿਨੋਦ ਸ਼ਰਮਾ**:- ਮੁਹਾਲੀ ਪੁਲਿਸ ਵੱਲੋਂ ਕੀਤੀ ਬੈਰੀਕੇਡਿੰਗ ਨੂੰ ਤੋੜਦੇ ਹੋਏ ਕਿਸਾਨ ਵਾਈ.ਪੀ.ਐੱਸ. ਚੌਕ ਚੰਡੀਗੜ੍ਹ ਉਤੇ ਪਹੁੰਚ ਗਏ ਹਨ। ਜਿਥੇ ਚੰਗੀਗੜ੍ਹ ਪੁਲਿਸ ਦੀ ਬੈਰੀਕੇਡਿੰਗ ਨੇੜੇ ਧਰਨਾ ਲਾ ਦਿੱਤਾ ਹੈ। ਪੁਲਿਸ ਵੱਲੋਂ ਕਿਸਾਨਾਂ ਨੂੰ ਰੋਕਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸਾਨੀ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਦੇ ਮਟਕਾ ਚੌਂਕ ਵਿਚ ਧਰਨਾ ਲਾਉਣ ਵਾਲੇ ਬਾਬਾ ਲਾਭ ਸਿੰਘ ਵੀ ਬੈਰੀਕੇਡਿੰਗ ਅੱਗੇ ਪਹੁੰਚ ਗਏ ਹਨ। ਉਨ੍ਹਾਂ ਨੇ ਜਮੀਨ ਉਤੇ ਲੇਟ ਕੇ ਆਪਣਾ ਰੋਸ ਜਾਹਿਰ ਕੀਤਾ। ਅਤਿ ਦੀ ਗਰਮੀ ਵਿਚ ਉਨ੍ਹਾਂ ਨੇ ਕੱਪੜੇ ਉਤਾਰ ਕੇ ਸਰਕਾਰ ਨੂੰ ਕਿਸਾਨਾਂ ਦੀ ਗੱਲ ਸੁਣਨ ਦੀ ਅਪੀਲ ਕੀਤੀ। ਦੱਸ ਦਈਏ ਕਿ ਇਸ ਤੋਂ ਪਹਿਲਾਂ ਕਿਸਾਨਾਂ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ



ਮੀਟਿੰਗ ਦੀ ਕੋਸ਼ਿਸ਼ ਹੋਈ ਸੀ ਪਰ ਬੇਸਿੱਟਾ ਰਹੀ। ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਹੈ। ਇਸ ਦੌਰਾਨ ਕਿਸਾਨਾਂ ਨੇ ਚੰਡੀਗੜ੍ਹ ਵੱਲ ਮਾਰਚ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਦੇ ਸ਼ਾਹੀ ਇਮਾਮ ਦਾ ਵੱਡਾ ਫ਼ੈਸਲਾ; ਦੇਸ਼ ਦੀਆਂ ਬੇਟੀਆਂ ਲਈ ਲੁਧਿਆਣੇ ਚ ਛੇਤੀ ਖੁੱਲ੍ਹੇਗਾ ਹਬੀਬ ਗਰਲਜ਼ ਕਾਲਜ

**ਲੁਧਿਆਣਾ/ਲੋਕ ਬਾਣੀ**

ਸਹਿਰ ਦੀ ਇਤਿਹਾਸਿਕ ਜਾਮਾ ਮਸਜਿਦ 'ਚ ਬੀਤੀ ਰਾਤ ਬੁਲਾਈ ਗਈ ਵੱਖ-ਵੱਖ ਮਸਜਿਦਾਂ ਦੇ ਪ੍ਰਧਾਨ ਸਾਹਿਬਾਨ ਅਤੇ ਇਮਾਮ ਸਾਹਿਬਾਨ ਅਤੇ ਸਾਮਾਜਿਕ ਸੰਗਠਨਾਂ ਦੇ ਜਿੰਮੇਦਾਰਾਂ ਦੀ ਮੀਟਿੰਗ 'ਚ ਇੱਕ ਇਤਿਹਾਸਿਕ ਫੈਸਲਾ ਲੈਂਦੇ ਹੋਏ ਸਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਐਲਾਨ ਕੀਤਾ ਕਿ ਲੁਧਿਆਣਾ ਦੇ ਮੁਸਲਮਾਨ ਸਮਾਜ ਵੱਲੋਂ ਦੇਸ ਦੀਆਂ ਬੇਟੀਆਂ ਲਈ ਜਲਦੀ ਹੀ ਲੁਧਿਆਣਾ 'ਚ ਹਬੀਬ ਗਰਲਜ ਕਾਲਜ ਦੀ ਸਥਾਪਨਾ ਕੀਤੀ ਜਾਵੇਗੀ।

ਜਲਦੀ ਹੀ ਕੈਂਪਸ ਦਾ ਡਿਜਾਇਨ ਫਾਇਨਲ ਹੁੰਦੇ ਹੀ ਕਾਲਜ ਬਣਨਾ ਸੁਰੂ ਹੋ ਜਾਵੇਗਾ ਉਨ੍ਹਾਂ ਦੱਸਿਆ ਕਿ ਇਹ ਕਾਲਜ ਮਰਹੂਮ ਸਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦਾ ਸੁਫਨਾ ਸੀ, ਇਸ ਲਈ ਇਹ ਸੰਸਥਾਨ ਉਨ੍ਹਾਂ ਨੂੰ ਹੀ ਸਮਰਪਿਤ ਕੀਤਾ ਗਿਆ ਹੈ। ਸਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀਂ ਨੇ ਇਸ ਵਿਸੇ 'ਚ ਬੁਲਾਏ ਗਏ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਲੁਧਿਆਣਾ 'ਚ ਬਣਾਉਣ ਜਾ ਰਹੇ ਹਬੀਬ ਗਰਲਜ ਕਾਲਜ ਲਈ ਜਗ੍ਹਾ ਲੈ



ਲਈ ਗਈ ਹੈ ਅਤੇ ਜਲਦੀ ਹੀ ਕੈਂਪਸ ਦਾ ਡਿਜਾਇਨ ਫਾਇਨਲ ਹੁੰਦੇ ਹੀ ਕਾਲਜ ਬਣਨਾ ਸੁਰੂ ਹੋ ਜਾਵੇਗਾ। ਕਾਲਜ ਦਾ ਸਥਾਪਨਾ ਸਮਾਰੋਹ 10 ਸਤੰਬਰ ਨੂੰ ਆਯੋਜਿਤ ਕੀਤਾ ਜਾਵੇਗਾ। ਕਰਨਾਟਕ ਦੇ ਨਾਟਕ ਤੋਂ ਬਾਅਦ ਪੰਜਾਬ 'ਚ ਮੁਸਲਿਮ ਕੁੜੀਆਂ ਲਈ ਵੱਡੀ ਖ਼ਬਰਪਹਿਰਾਵੇ ਨੂੰ ਲੈ ਕੇ ਨਹੀਂ ਲਗਾਈ ਜਾਵੇਗੀ ਕੋਈ ਰੋਕ: ਸਾਹੀ ਇਮਾਮ ਨੇ ਕਿਹਾ ਕਿ ਇਹ ਜਨਰਲ ਕਾਲਜ ਹੋਵੇਗਾ ਇਸ 'ਚ ਸਰਵ ਧਰਮ ਦੀ ਜਰੂਰਤਮੰਦ ਬੇਟੀਆਂ ਨੂੰ ਮੁਫਤ 'ਚ ਸਿੱਖਿਆ ਵੀ ਦਿੱਤੀ ਜਾਵੇਗੀ। ਸਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਕਾਲਜ 'ਚ ਮੁਸਲਮਾਨ ਬੇਟੀਆਂ ਹਿਜਾਬ, ਸਿੱਖ ਬੇਟੀਆਂ ਦਸਤਾਰ ਅਤੇ ਹਿੰਦੂ ਬੇਟੀਆਂ ਨੂੰ ਤਿਲਕ ਲਾ ਕੇ ਪੜਣ ਦੀ ਆਜਾਦੀ ਹੋਵੇਗੀ। ਕਿਸੇ ਵੀ ਬੇਟੀ 'ਤੇ ਪਹਿਰਾਵੇ ਨੂੰ ਲੈ ਕੇ ਕੋਈ ਰੋਕ ਨਹੀਂ ਲਗਾਈ ਜਾਵੇਗੀ ਉਨ੍ਹਾਂ ਦੱਸਿਆ ਕਿ ਹਬੀਬ ਗਰਲਜ ਕਾਲਜ 'ਚ ਐਮ.ਏ, ਬੀ.ਏ, ਸਹਿਤ ਸਾਰੇ ਡਿਗਰੀ ਕੋਰਸ ਕਰਵਾਏ ਜਾਣਗੇ। ਸਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਇਸ ਕਾਲਜ ਦੀ ਸਾਨਦਾਰ ਇਮਾਰਤ ਨੂੰ ਬਣਾਉਣ ਲਈ ਸਹਿਰ ਅਤੇ ਸੂਬੇ ਦੀਆਂ ਸਾਰੀਆਂ ਮਸਜਿਦਾਂ ਦੇ ਨਮਾਜੀ ਯੋਗਦਾਨ ਦੇਣਗੇ। ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਹਿਰਾਰ ਫਾਉਂਡੇਸਨ (ਐਨ.ਜੀ.ਓ) ਦੀ ਸਥਾਪਨਾ ਕਰ ਦਿੱਤੀ ਗਈ ਹੈ।

## ਦੁਨੀਆਂ ਭਰ 'ਚ ਨਰਸਾਂ ਦੀ ਬਹੁਤ ਜਿਆਦਾ ਘਾਟ : ਐਕਸਪਰਟ

**ਮੋਹਾਲੀ/ਲੋਕ ਬਾਣੀ**

ਨਰਸਾਂ ਸਿਹਤ ਦੇਖਭਾਲ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ, ਫਿਰ ਵੀ ਉਨ੍ਹਾਂ ਦੇ ਯੋਗਦਾਦਨ ਨੂੰ ਅੱਜ ਵੀ ਉਹ ਮਹੱਤਵ ਨਹੀਂ ਮਿਲਦਾ ਜਿਸਦੀਆਂ ਉਹ ਹੱਕਦਾਰ ਹੁੰਦੀਆਂ ਹਨ . ਦੁਨੀਆਂ ਭਰ 'ਚ ਨਰਸਾਂ ਦੀ ਬਹੁਤ ਜਿਆਦਾ ਘਾਟ ਹੈ ਅਤੇ ਭਾਰਤ 'ਚ 2024 ਤੱਕ 4.3 ਮਿਲੀਅਨ ਹੋਰ ਨਰਸਾਂ ਦੀ ਜਰੂਰਤ ਹੋਵੇਗੀ। ਮੈਕਸ ਹਸਪਤਾਲ ਵਿਚ ਕਾਰਡਿਓਵੈਸਕੂਲਰ ਥੋਰੈਸਿਕ ਸਰਜਰੀ ਦੇ ਡਾਇਰੈਕਟਰ ਡਾ. ਦੀਪਕ ਪੁਰੀ ਨੇ ਕਿਹਾ ਕਿ ਜਿਆਦਾਤਰ ਸਿਹਤ ਕਾਮਿਆਂ ਨੂੰ ਠੀਕ ਆਰਾਮ ਨਹੀਂ ਮਿਲ ਰਿਹਾ ਹੈ, ਜਿਸਦੇ ਕਾਰਨ



ਉਹ ਨੀਂਦ ਦੀ ਘਾਟ ਦੇ ਪ੍ਰਤੀਕੂਲ ਪ੍ਰਭਾਵਾਂ ਨਾਲ ਪੀੜ੍ਹਿਤ ਹਨ। ਉਨ੍ਹਾਂ ਨੇ ਕਿਹਾ, ਕਈ ਸਰਵੇਖਣਾਂ ਨਾਲ ਪਤਾ ਲੱਗਿਆ ਹੈ ਕਿ ਹੈਲਥਕੇਅਰ ਮਾਹਿਰਾਂ ਦੀ ਲਾਈਫ ਐਕਸਪੇਕਟੈਂਸੀ ਬਾਕੀ ਲੋਕਾਂ ਦੀ ਤੁਲਨਾਂ 'ਚ 5 ਤੋਂ 10 ਸਾਲ ਘੱਟ ਹੈ . ਡਾਕਟਰਾਂ ਅਤੇ ਨਰਸਾਂ ਨੂੰ ਵੀ ਸੂਗਰ, ਮੇਲਿਟਸ, ਹਾਈ ਬਲੱਡ ਪ੍ਰੈਸਰ, ਕੋਰੋਨਰੀ ਧਮਣੀ ਰੋਗ, ਸਟ੍ਰੋਕ, ਕੈਂਸਰ, ਡਿਪਰੈਸਨ ਅਤੇ ਸੁਸਾਈਡ ਟੇਂਡੇਂਸੀ ਜਿਹੀਆਂ ਜੀਵਨਸੈਲੀ ਦੀਆਂ ਬੀਮਾਰੀਆਂ ਦੇ ਹੋਣ ਦੀ ਜਿਆਦਾ ਸੰਭਾਵਨਾ ਹੈ। ਉਨ੍ਹਾਂ ਨੇ ਕਿਹਾ ਕਿ ਕੈਰੀਅਰ ਦੇ ਵਿਕਾਸ ਦੇ ਮੌਕਿਆਂ ਦੀ ਘਾਟ, ਸਹੀ ਕੌਸਲ ਵਧਾਉਣ ਵਾਲੀ ਟ੍ਰੇਨਿੰਗ ਦੀ ਘਾਟ, ਘਟ ਮੁਆਵਜਾ ਹੈਲਥੇਅਰ ਪ੍ਰੋਫੈਸਨਲ ਨੂੰ ਪ੍ਰਤੀਕੂਲ ਰੂਪ ਨਾਲ ਪ੍ਰਭਾਵਿਤ ਕਰ ਰਹੇ ਹਨ, ਡਾ. ਪੁਰੀ ਨੇ ਕਿਹਾ।

## ਬੈਰੀਕੇਡ ਤੋੜ ਕੇ ਕਿਸਾਨ ਹੋਏ ਚੰਡੀਗੜ੍ਹ 'ਚ ਦਾਖ਼ਲ, ਰਾਜਧਾਨੀ 'ਚ ਗੱਡੇ ਝੰਡੇ, ਮੋਰਚਾ ਸ਼ੁਰੂ



**ਚੰਡੀਗੜ੍ਹ/ਲੋਕ ਬਾਣੀ**:- ਕਿਸਾਨੀ ਮੰਗਾਂ ਨੂੰ ਲੈ ਕੇ ਦਿੱਤੇ ਹੋਏ ਸੱਦੇ ਮੁਤਾਬਿਕ ਅੱਜ ਸੰਯੁਕਤ ਕਿਸਾਨ ਮੋਰਚੇ ਦੇ ਵੱਲੋਂ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ। ਦਰਅਸਲ, ਪਹਿਲਾਂ ਤਾਂ ਕਿਸਾਨਾਂ ਨੂੰ ਮੋਹਾਲੀ-ਚੰਡੀਗੜ੍ਹ ਬਾਰਡਰ ਤੇ ਹੀ ਰੋਕ ਲਿਆ ਗਿਆ ਅਤੇ ਕਿਸਾਨਾਂ ਦੇ ਨਾਲ ਸੀਐਮ ਪੰਜਾਬ ਭਗਵੰਤ ਮਾਨ ਦੀ ਮੀਟਿੰਗ ਤਹਿ ਕਰਵਾਉਣ ਦੀ ਗੱਲ ਪੁਲਿਸ ਪ੍ਰਸ਼ਾਸ਼ਨ ਦੇ ਵੱਲੋਂ ਆਖੀ ਗਈ। ਪਰ ਬਾਅਦ ਵਿੱਚ ਸਰਕਾਰ ਹੀ ਮੀਟਿੰਗ ਕਰਨ ਤੋਂ ਮੁਕਰ ਗਈ। ਜਿਸ ਤੋਂ ਗੁਸਾਏ ਕਿਸਾਨਾਂ ਨੇ ਚੰਡੀਗੜ੍ਹ ਵੱਲ ਕੂਚ ਕਰਨੀ ਸ਼ੁਰੂ ਕਰ ਦਿੱਤੀ। ਚੰਡੀਗੜ੍ਹ ਅਤੇ ਮੋਹਾਲੀ ਪੁਲਿਸ ਨੇ ਕਿਸਾਨਾਂ ਨੂੰ ਬੈਰੀਕੇਡ ਲਗਾ ਕੇ ਬਾਰਡਰ ਤੇ ਹੀ ਰੋਕ ਲਿਆ, ਪਰ ਕਿਸਾਨਾਂ ਨੇ ਵੀ ਠਾਣੀ ਹੋਈ ਸੀ ਕਿ, ਉਹ ਆਪਣਾ ਮੋਰਚਾ ਚੰਡੀਗੜ੍ਹ ਵਿਚ ਲਗਾ ਕੇ ਹੀ ਹਟਣਗੇ। ਕਿਸਾਨਾਂ ਦੇ ਰਾਹ ਰੋਕਣ ਲਈ ਵਾਈ.ਪੀ.ਐੱਸ. ਚੌਕ 'ਤੇ ਪੁਲਿਸ ਦੁਆਰਾ ਬੈਰੀਕੇਡ ਤੋੜ ਕੇ ਆਪਣਾ ਮੋਰਚਾ ਰਾਜਧਾਨੀ ਚੰਡੀਗੜ੍ਹ ਵਿੱਚ ਆਖਰ ਲਗਾ ਹੀ ਲਿਆ। ਪੱਕਾ ਮੋਰਚਾ ਲਾਉਣ ਲਈ ਕਿਸਾਨ ਆਪਣੇ ਨਾਲ ਟਰਾਲੀਆਂ 'ਚ ਰਾਸ਼ਨ ਲਿਆਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੁਲਿਸ ਜਿੱਥੇ ਰਾਹ ਰੋਕੇਗੀ, ਉੱਥੇ ਹੀ ਪੱਕਾ ਮੋਰਚਾ ਲਗਾ ਕੇ ਧਰਨੇ 'ਤੇ ਬੈਠ ਜਾਣਗੇ। ਦੂਜੇ ਪਾਸੇ, ਸਰਕਾਰ ਦੁਆਰਾ ਕਿਹਾ ਜਾ ਰਿਹਾ ਹੈ ਕਿ, ਉਨ੍ਹਾਂ ਵੱਲੋਂ ਕਿਸਾਨਾਂ ਦੇ ਨਾਲ ਗੱਲਬਾਤ ਕਰਨ ਦੀ ਕੋਸਿਸ਼ ਕੀਤੀ ਜਾ ਰਹੀ ਹੈ ਅਤੇ ਛੇਤੀ ਹੀ ਮਸਲਾ ਹੱਲ ਕਰ ਲਿਆ ਜਾਵੇਗਾ।

## ਪੰਜਾਬ ਦੇ ਪਾਣੀਆਂ ਅਤੇ ਹੋਰ ਗੰਭੀਰ ਸੰਕਟਾਂ ਬਾਰੇ ਕਿਰਤੀ ਕਿਸਾਨ ਯੂਨੀਅਨ ਦਾ ਵੱਡਾ ਖੁਲਾਸਾ



**ਚੰਡੀਗੜ੍ਹ/ਲੋਕ ਬਾਣੀ**

ਕਿਰਤੀ ਕਿਸਾਨ ਯੂਨੀਅਨ ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਪੰਜਾਬ 'ਚ ਹਵਾ, ਪਾਣੀ, ਮਿੱਟੀ, ਪ੍ਰਦੂਸ਼ਣ ਦਾ ਗੰਭੀਰ ਸੰਕਟ ਖੜਾ ਹੋ ਗਿਆ ਹੈ, ਪਰ ਸਰਕਾਰ ਇਸਦੇ ਹੱਲ ਲਈ ਝੋਨੇ ਦੀਆਂ ਤਰੀਕਾਂ ਅੱਗੇ ਪਿੱਛੇ ਕਰਕੇ ਜਾਂ ਬਿਜਾਈ ਦੇ ਤਰੀਕੇ ਬਦਲ ਕੇ ਸੰਕਟ ਦੇ ਹੱਲ ਤੋ ਮੂੰਹ ਮੋੜ ਰਹੀ ਹੈ। ਉਨ੍ਹਾਂ ਕਿਹਾ ਕਿ ਮਸਲਾ ਝੋਨੇ ਦੀ ਤਰੀਕ ਜਾਂ ਤਰੀਕਾਂ ਨਹੀਂ ਬਲਕਿ ਖੁਦ ਝੋਨਾ ਹੈ ਇਸ ਲਈ ਪੰਜਾਬ ਚ ਹਰੇ ਇਨਕਲਾਬ ਦੇ ਖੇਤੀ ਵਿਕਾਸ ਮਾਡਲ ਦੀ ਦੇਣ ਝੋਨੇ ਨੂੰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ। ਪੰਜਾਬ ਨੂੰ ਇੱਕ ਬਦਲਵੇਂ ਕੁਦਰਤ ਅਤੇ ਵਾਤਾਵਰਨ ਲਈ ਸੁਖਾਵੇਂ ਅਤੇ ਕਿਸਾਨ ਮਜਦੂਰ ਪੱਖੀ ਹੰਢਣਸਾਰ ਖੇਤੀ ਮਾਡਲ ਦੀ ਲੋੜ ਹੈ ਇਹ ਮਾਡਲ ਸਥਾਨਕ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਚ ਕਣਕ-ਝੋਨੇ ਦੇ ਫਸਲੀ ਚੱਕਰ ਨੂੰ ਬਦਲ ਕੇ ਖੇਤੀ ਨੂੰ ਕੁਦਰਤੀ ਜੋਨਾਂ ਵਿੱਚ ਵੰਡਿਆ ਜਾਵੇ ਇਹ ਜੋਨ ਕੁਦਰਤੀ ਪੈਦਾਵਾਰੀ ਇਲਾਕੇ ( ) ਦੇ ਰੂਪ ਵਿਚ ਹੋਣ। ਇਨ੍ਹਾਂ ਜੋਨਾ ਅਨੁਸਾਰ ਖੇਤੀ ਖੋਜ ਕੇਂਦਰ ਅਤੇ ਖੇਤੀ ਸਨਅਤ ਹੋਵੇ। ਖੇਤੀ ਸਨਅਤ ਖੁਰਾਕ ਤੇ ਗੈਰ ਖੁਰਾਕ ( ) ਦੋਨੋਂ ਤਰਾਂ ਦੀ ਲੱਗ ਸਕਦੀ ਹੈ। ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਕਿਹਾ ਕੇ ਪੰਜਾਬ ਆਪਣੀ ਦਾਲ ਦਾ 6 ਫੀਸਦੀ ਪੈਦਾ ਕਰਦਾ ਤੇ 94 ਫੀਸਦੀ ਬਾਹਰੋ ਮੰਗਵਾਉਦਾ। ਦਾਲਾਂ ਹੇਠ ਰਕਬਾ 10 ਲੱਖ ਹੈਕਟੇਅਰ ਜਾਂ ਇਸਤੋ ਵੀ ਵੱਧ ਤਕ ਵਧਾਇਆ ਜਾ ਸਕਦਾ।ਬਾਗਬਾਨੀ ਹੇਠ ਰਕਬਾ ਜੋ ਸਿਰਫ 93615 ਹੈਕਟੇਅਰ ਹੈ ਜੋ ਕੁੱਲ ਖੇਤੀ ਰਕਬੇ ਦਾ ਸਿਰਫ 2.2 ਫੀਸਦੀ ਏਰੀਆ ਹੈ।ਇਸ ਨੂੰ ਵੀ ਵਧਾਇਆ ਜਾਣਾ ਚਾਹੀਦਾ ਹੈ। ਮੌਜੂਦਾ ਸਮੇਂ 60 ਹਜਾਰ ਹੈਕਟੇਅਰ ਦੇ ਕਰੀਬ ਕਿੰਨੂ ਤੇ ਅਮਰੂਦ ਅਧੀਨ ਹੈ ਜਦਕਿ ਪੰਜਾਬ ਵਿੱਚ 25 ਤੋ ਵੱਧ ਕਿਸਮਾਂ ਦਾ ਫਲ ਹੋ ਸਕਦਾ।

## ਠੇਕਾ ਮੁਲਾਜ਼ਮ ਪੈਟਰੋਲ ਦੀਆਂ ਬੋਤਲਾਂ ਲੈ ਕੇ ਖੇਤੀ ਭਵਨ ਦੀ ਬਿਲਡਿੰਗ 'ਤੇ ਚੜ੍ਹੇ, ਪ੍ਰਸ਼ਾਸ਼ਨ ਨੂੰ ਪਈਆਂ ਭਾਜੜਾਂ

**ਚੰਡੀਗੜ੍ਹ/ਲੋਕ ਬਾਣੀ**

ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਹੱਕਾਂ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਠੇਕਾ ਮੁਲਾਜ਼ਮ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਤੋਂ ਤੰਗ ਆ ਕੇ ਪੈਟਰੋਲ ਦੀਆਂ ਬੋਤਲਾਂ ਲੈ ਕੇ ਟੈਂਕੀ ਅਤੇ ਖੇਤੀ ਭਵਨ ਮੁਹਾਲੀ 'ਤੇ ਚੜ੍ਹ ਗਏ।

ਠੇਕਾ ਮੁਲਾਜ਼ਮਾਂ ਦੀ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ, ਕਰਮਚਾਰੀਆਂ ਸਰਕਾਰ ਕੋਲੋਂ ਮੰਗ ਕੀਤੀ ਜਾ ਰਹੀ ਹੈ ਕਿ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇ ਅਤੇ ਮੰਨੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ।

ਪਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ, ਜਿਸ ਤੋਂ ਦੁਖੀ ਹੋ ਕੇ ਅੱਜ ਕਾਮੇ ਪੈਟਰੋਲ ਲੈ ਕੇ ਟੈਂਕੀ ਅਤੇ ਖੇਤੀ ਭਵਨ ਮੁਹਾਲੀ ਤੇ ਚੜ੍ਹ ਗਏ।

## ਬਿਕਰਮ ਮਜੀਠੀਆ ਜ਼ਮਾਨਤ ਲੈਣ ਲਈ ਹਾਈਕੋਰਟ ਪੁੱਜਿਆ

**ਚੰਡੀਗੜ੍ਹ/ਲੋਕ ਬਾਣੀ**

ਨਸ਼ੇ ਦੇ ਮਾਮਲੇ ਵਿੱਚ ਪਟਿਆਲਾ ਜੇਲ੍ਹ ਚ ਬੰਦ ਅਕਾਲੀ ਲੀਡਰ ਬਿਕਰਮ ਸਿੰਘ ਮਜੀਠੀਆ ਨੇ ਜ਼ਮਾਨਤ ਵਾਸਤੇ ਹੁਣ ਹਾਈਕੋਰਟ ਵੱਲ ਰੁਖ ਕੀਤਾ ਹੈ। ਪੰਜਾਬ ਹਰਿਆਣਾ ਹਾਈਕੋਰਟ ਵਿੱਚ ਮਜੀਠੀਆ ਨੇ ਜ਼ਮਾਨਤ ਵਾਸਤੇ ਪਟੀਸ਼ਨ ਦਾਇਰ ਕੀਤੀ ਹੈ।

ਖ਼ਬਰਾਂ ਦੀ ਮੰਨੀਏ ਤਾਂ, ਇਸੇ ਹਫ਼ਤੇ ਮਜੀਠੀਆ ਦੀ ਪਟੀਸ਼ਨ ਤੇ ਸੁਣਵਾਈ ਹੋ ਸਕਦੀ ਹੈ। ਜਾਣਕਾਰੀ ਲਈ ਦੱਸ ਦਈਏ ਕਿ ਇਸ ਤੋਂ ਪਹਿਲਾਂ ਮਜੀਠੀਆ ਨੇ ਸੁਪਰੀਮ ਕੋਰਟ ਵੱਲ ਰੁਖ ਕਰਦੇ ਹੋਏ ਆਪਣੇ ਤੇ ਦਰਜ ਹੋਈ ਨਸ਼ੇ ਦੀ ਨੂੰ ਰੱਦ ਕਰਨ ਦੀ ਪਟੀਸ਼ਨ ਪਾਈ ਸੀ।

ਜਿਸ ਤੇ ਸੁਣਵਾਈ ਕਰਨ ਤੋਂ ਹੀ ਕੋਰਟ ਨੇ ਇਨਕਾਰ ਕਰ ਦਿੱਤਾ ਸੀ ਅਤੇ ਮਜੀਠੀਆ ਨੂੰ ਕਿਹਾ ਸੀ ਕਿ, ਉਹ ਆਪਣੀ ਜ਼ਮਾਨਤ ਅਤੇ ਕੇਸ ਰੱਦ ਕਰਵਾਉਣ ਵਾਸਤੇ ਹਾਈਕੋਰਟ ਜਾ ਸਕਦੇ ਹਨ।

# ਭਾਜਪਾਈਆਂ ਦੀ ਸ਼ਹਿ ਤੇ ਘੱਟ ਗਿਣਤੀ ਲੋਕਾਂ ਤੇ ਫਿਰਕੂ ਫਾਸ਼ੀ ਹਮਲੇ ਦਾ ਡੱਟਕੇ, ਇਕਜੁਟ ਹੋ ਕੇ ਵਿਰੋਧ ਕਰਨ ਦਾ ਸੱਦਾ -ਲੋਕ ਮੋਰਚਾ ਪੰਜਾਬ

**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਲੋਕ ਮੋਰਚਾ ਪੰਜਾਬ ਦੇ ਸੱਦੇ ’ਤੇ ਭਾਜਪਾ ਦੀ ਸਹਿ ’ਤੇ ਘੱਟ ਗਿਣਤੀ ਵਿਸ਼ੇਸ਼ ਤੌਰ ’ਤੇ ਮੁਸਲਿਮ ਭਾਈਚਾਰੇ ’ਤੇ ਫਿਰਕੂ ਫਾਸ਼ੀ ਹਮਲੇ ਖਿਲਾਫ਼ ਪਿੰਡ ਦੀਵਾਲਾ ਵਿਖੇ ਤਰਕ ਭਵਨ (ਲਾਇਬ੍ਰੇਰੀ) ’ਚ ਇਕ ਇਕੱਤਰਤਾ ਅਯੋਜਿਤ ਕੀਤੀ ਗਈ ਇਕੱਤਰਤਾ ਵਿੱਚ ਲੋਕ ਮੋਰਚੇ ਦੇ ਮੈਂਬਰਾਂ ਤੋਂ ਇਲਾਵਾ ਜਨਤਕ ਜਮਹੂਰੀ ਆਗੂਆਂ, ਕਾਰਕੁੰਨ ਤੇ ਹੋਰ ਇਨਸਾਫ਼ ਤੇ ਜਮਹੂਰੀ ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ ਇਕੱਤਰਤਾ ਦੀ ਪ੍ਰਧਾਨਗੀ ਮੁੱਖ ਬੁਲਾਰੇ ਜਗਮੇਲ ਸਿੰਘ ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਤੇ ਕੁਲਵੰਤ ਸਿੰਘ ਤਰਕ ਸਥਾਨਿਕ ਕਨਵੀਨਰ ਨੇ ਕੀਤੀ। ਇਕੱਤਰਤਾ ’ਚ ਸਟੇਜ਼ ਸਕੱਤਰ ਦਾ ਰੋਲ ਨਿਭਾਉਂਦੇ ਹੋਏ ਕੁਲਵੰਤ ਸਿੰਘ ਤਰਕ ਨੇ ਲੋਕ ਮੋਰਚਾ ਪੰਜਾਬ ਵੱਲੋਂ ਲੋਕਾਂ ਦੀ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਦੇ ਹੋਏ ਤੇ ਫਿਰਕੂ ਫਾਸ਼ੀ ਤਾਕਤਾਂ ਦਾ ਡੱਟ ਕੇ ਵਿਰੋਧ ਕਰਨ ਸਬੰਧੀ ਕੀਤੀਆਂ ਜਾ ਰਹੀਆਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ’ਚ ਸਰਗਰਮੀਆਂ ਬਾਰੇ ਹਾਜ਼ਰ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਆਪਣੀ ਹੱਕੀ ਤੇ ਇਨਕਲਾਬੀ ਜੰਗ ਨੂੰ ਅੱਗੇ ਵਧਾਉਣ ਲਈ ਇਹ ਫਿਰਕੂ ਫਾਸ਼ੀ ਤਾਕਤਾ ਖਿਲਾਫ਼ ਧਰਮ ਨਿੱਰਪੱਖ ਤੇ ਇਨਕਲਾਬੀ ਲਹਿਰ ਉਸਾਰਨ ਦੀ ਲੋੜ ਹੈ ਇਕੱਤਰਤਾ ’ਚ ਮੁੱਖ ਬੁਲਾਰੇ ਜਗਮੇਲ ਸਿੰਘ ਨੇ ਸ਼ਾਮਲ ਲੋਕਾਂ ਨਾਲ਼ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਦੇਸ਼ ਧਰੋਹੀ ਹਾਕਮ ਧਰਮਾਂ, ਜਾਤਾਂ ਦੇ ਅਧਾਰ ’ਤੇ ਕਿਰਤੀ ਲੋਕਾਂ ’ਚ ਪਾੜੇ ਪਾ ਕੇ ਲੋਕਾਂ ਦਾ ਧਿਆਨ ਉਹਨਾਂ ਦੇ ਅਸਲ ਮੁੱਦੇ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਪੁਲਿਸ ਜਬਰ, ਗਰੀਬੀ, ਅਨਪੜ੍ਹਤਾ ਆਦਿ ਤੋਂ ਹਟਾ ਕੇ ਆਪਣੇ ਸੁਆਰਥੀ ਸਿਆਸੀ ਹਿੱਤਾਂ ਦੀ ਪੂਰਤੀ ਲਈ ਲੋਕਾਂ ਦੀ ਭਾਈਚਾਰਕ, ਜਮਾਤੀ ਸਾਂਝ ਨੂੰ ਸੰਨ੍ਹ ਲਾ ਰਹੇ ਹਨ ਉਹਨਾਂ ਕਿਹਾ ਕਿ ਲੋਕਾਂ ’ਚ ਫਿਰਕਾਪ੍ਰਸਤੀ ਫੈਲਾਕੇ ਭਰਾ ਮਾਰ ਲੜਾਈ ’ਚ ਝੋਕ ਕੇ ਦੇਸੀ ਵਿਦੇਸ਼ੀ ਧਨਾਂਢ ਕਾਰਪੋਰੇਟਾਂ ਦੀਆਂ ਲੋਕ ਵਿਰੋਧੀ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਨ ਲਈ ਪੱਬਾ ਭਾਰ ਹਨ ਉਹਨਾਂ ਨੇ ਦੱਸਿਆ ਕਿ ਗੁਜਰਾਤ, ਮੱਧ ਪ੍ਰੇਦਸ਼, ਦਿੱਲੀ ਤੇ ਹੋਰ ਥਾਂਵਾਂ ’ਤੇ ਹੋਏ ਘੱਟ ਗਿਣਤੀ ਲੋਕਾਂ ’ਤੇ ਫਿਰਕੂ, ਹਿੰਸਕ ਹਮਲੇ ਅੱਜ ਦੀਆਂ ਤਾਜਾ ਉਦਾਹਰਨਾਂ ਹਨ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਇਆ ਜਾ ਰਿਹਾ ਇਸੇ ਤਰ੍ਹਾਂ ਲੋਕ ਵਿਰੋਧੀ ਫਾਸ਼ੀ ਤਾਕਤਾਂ ਵੱਲੋਂ ਵਿਵਾਦਿਤ ਬਿਆਨ ਦਿੱਤੇ ਜਾ ਰਹੇ ਹਨ ਉਹਨਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਦਿੱਲੀ ਦੀਆਂ ਬਰੂਹਾਂ ’ਤੇ ਕਿਸਾਨ ਘੋਲ ਜਿਹੜਾ ਕਿ ਇਕ ਸਾਲ ਤੋਂ ਉੱਤੇ ਖੇਤੀ ਦੇ ਕਾਲੇ ਕਾਨੂੰਨ ਰੱਦ ਕਰਾਉਣ ਸਬੰਧੀ ਲੋਕਾਂ ਨੇ ਇਕ ਜੁੱਟ ਹੋ ਕੇ ਲੜਿਆ ਤੇ ਜਿੱਤਿਆ। ਦੇਸ਼ ਦੁਨੀਆਂ ਪੱਧਰ ’ਤੇ ਭਾਈਚਾਰਕ ਸਾਂਝ ਦੀ ਮਿਸਾਲ ਬਣਕੇ ਉਭਰਿਆ ਉਹਨਾਂ ਕਿਹਾ ਕਿ ਦੇਸ਼ ਦੇ ਲੁਟੇਰੇ ਹਾਕਮ ਵੀ ਅੰਗਰੇਜ਼ਾਂ ਵਾਲੀ ਨੀਤੀ “ਪਾੜੋ ਤੇ ਰਾਜ ਕਰੋ” ’ਤੇ ਹੀ ਚਲ ਰਹੇ ਹਨ ਅਖੀਰ ਤੇ ਆਗੂ ਨੇ ਇਕੱਤਰਤਾ ’ਚ ਹਾਜ਼ਰ ਲੋਕਾਂ ਨੂੰ ਸੱਦਾ ਦਿੱਤਾ ਕਿ ਭਾਜਪਾਈ ਫਿਰਕਾਪ੍ਰਸਤੀ ਨੂੰ ਠੱਲ ਪਾਉਣ ਲਈ ਲੋਕਾਂ ਨੂੰ ਸਾਂਝੇ ਮਸਲਿਆਂ ’ਤੇ ਸਾਂਝੇ ਘੋਲ ਉਸਾਰਨ ਦੀ ਲੋੜ ਹੈ। “ਕੁਝ ਸਾਥੀਆਂ ਵੱਲੋਂ ਕੀਤੇ ਸਵਾਲਾਂ ਦਾ ਢੁੱਕਵਾ ਜਵਾਬ ਦਿੱਤਾ ਇਕੱਤਰਤਾ ’ਚ ਵਿਸ਼ੇਸ਼ ਤੌਰ ’ਤੇ ਹਿੰਮਤ ਸਿੰਘ, ਜਗਤਾਰ ਸਿੰਘ, ਹੁਸ਼ਿਆਰ ਸਿੰਘ, ਰਜਿੰਦਰ ਸਿੰਘ, ਪ੍ਰੋ. ਕਲੇਰ, ਪ੍ਰੇਮ ਸਿੰਘ, ਰਣਧੀਰ ਸਿੰਘ, ਗੁਰਬਖ਼ਸ਼ੀਸ਼ ਸਿੰਘ, ਨਾਨਕ ਸਿੰਘ, ਤਰਸੇਮ ਲਾਲ, ਜਗਦੇਵ ਸਿੰਘ, ਡਾ. ਸੁਰਜੀਤ ਸਿੰਘ, ਜੁਵਰਾਜ ਸਿੰਘ, ਰਜਿੰਦਰ ਸਿੰਘ, ਸਾਧੂ ਸਿੰਘ ਪੰਜੇਟਾ, ਕੁਲਦੀਪ ਸਿੰਘ ਗਰੇਵਾਲ, ਮਲਕੀਤ ਸਿੰਘ, ਇਕਬਾਲ ਸਿੰਘ, ਲਾਲੀ (ਸਰਪੰਚ), ਦਲੀਪ ਸਿੰਘ, ਰਾਜਿੰਦਰ ਸਿੰਘ ਰੋਡਵੇਜ, ਸ਼ਮਸ਼ੇਰ ਸਿੰਘ, ਮੇਵਾ ਸਿੰਘ ਚੜੀ ਆਦਿ ਸ਼ਾਮਲ ਹੋਏ ਅਖੀਰ ਤੇ ਸਟੇਜ ਸਕੱਤਰ ਵੱਲੋਂ ਆਏ ਸਾਥੀਆਂ ਦਾ ਸਟੇਜ ਸਕੱਤਰ ਵੱਲੋਂ ਧੰਨਵਾਦ ਕੀਤਾ ਗਿਆ।



ਰੋਜ਼ਾਨਾ ਲੋਕ ਬਾਣੀ

# ਕਾਮੇਡੀਅਨ ਭਾਰਤੀ ਸਿੰਘ ’ਤੇ ਜਲੰਧਰ ’ਚ 295- ਤਹਿਤ ਦਰਜ



**ਜਲੰਧਰ/ਰਕੇਸ਼ ਵਰਮਾ**

ਦਾੜ੍ਹੀ ਮੁੱਛ ਨੂੰ ਲੈ ਕੇ ਦਿੱਤੇ ਆਪਣੇ ਬਿਆਨ ਲਈ ਕਾਮੇਡੀਅਨ ਭਾਰਤੀ ਸਿੰਘ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਭਾਰਤੀ ਸਿੰਘ ਦੀ ਟਿੱਪਣੀ ਸਿੱਖ ਧਰਮ ਨੂੰ ਨੀਵਾਂ ਦਿਖਾਉਣ ਤਹਿਤ ਕੀਤੀ ਇਕ ਡੂੰਘੀ ਸਾਜਿਸ਼ ਹੈ।ਭਾਰਤੀ ਸਿੰਘ ਦੀ ਟਿੱਪਣੀ ਨਾਲ ਸਿੱਖ ਹਿਰਦਿਆਂ ਨੂੰ ਢਾਹ ਲੱਗੀ ਹੈ।

ਮਸਲਾ ਭਾਰਤੀ ਸਿੰਘ ਜੋਂ ਕਪਿਲ ਸਰਮਾ ਸੋਅ ਵਿੱਚ ਕੰਮ ਕਰਦੀ ਹੈ ਉਸ ਨੇ ਸਿੱਖ ਪੰਥ ਦੀ ਮਰਿਆਦਾ ਦਾੜ੍ਹੀ ਮੁੱਸ ਜੋਂ ਗੁਰੂਆ ਨੇ ਅੰਮ੍ਰਿਤ ਸਕਾਉਣ ਵੇਲੇ ਦਸੀ ਜਾਦੀ ਹੈ ਉਸ ਦਾ ਮਜਾਕ ਉਡਾਇਆ ਪਰ ਪੁਲਿਸ ਸਿੱਖ ਸਮਾਜ ਦੀ ਇਜੱਤ ਨਹੀਂ ਸਮਝਦੀ ਇਸ ਦਾ ਮਤਲਬ ਸਿੱਖਾਂ ਦੇ ਖਿਲਾਫ ਪੁਲਿਸ ਅਤੇ ਸਰਕਾਰ ਹੈ ਪਰ ਜੇਕਰ ਪਰਚਾ ਦਰਜ ਨਾ ਕੀਤਾ ਤਾਂ ਅਸੀ ਧਰਨਾ ਐਸ ਐਸ ਪੀ ਦਫਤਰ ਦਾਵਾਗੇ ਇਹ ਧਰਨਾ 17/5/22 ਦਿਨ ਮੰਗਲਵਾਰ ਸਮਾ 12 ਵਜੇ ਦਿੱਤਾ ਜਾਵੇਗਾ ਇਹ ਧਰਨਾ ਦਿਨ ਰਾਤ ਚਲੇਗਾ

ਵੱਖ ਵੱਖ ਜਥੇਬੰਦੀਆਂ ਦੇ ਨੇਤਾਵਾਂ ਨੇ ਦਸਿਆ ਕਿ ਅਸੀ ਧੰਨਵਾਦ ਕਰਦੇ ਹਾਂ ਐਸ ਐਸ ਪੀ ਸਾਬ ਦਾ ਜਿੰਨਾ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਅਤੇ ਬੀਤੀ ਰਾਤ ਪਰਚਾ ਥਾਣਾ ਆਦਮਪੁਰ ਵਿੱਚ ਦਰਜ ਕਰ ਦਿੱਤਾ ਐਫ ਆਈ ਆਰ ਨਬਰ 77 ਧਾਰਾ 295 ਜੱਸੀ ਤੱਲਣ ਪੰਜਾਬ ਪ੍ਰਧਾਨ ਗੁਰੂ ਰਵਿਦਾਸ ਟਾਇਗਰ ਫੋਰਸ ਪੰਜਾਬ ,ਬਾਬਾ ਲਖਵੀਰ ਸਿੰਘ ਮੁਖੀ ਮਿਸਲ ਸਹੀਦਾ ਤਰਨਾ ਦਲ,ਹਰਪਾਲ ਚੱਢਾ ਸਿੱਖ ਤਾਲ ਮੇਲ ਕਮੇਟੀ,ਰਾਜਿੰਦਰ ਰੀਅਲ ,ਜਸਵਿੰਦਰ ਜੌਲੀ,ਬਲਵਿੰਦਰ ਵਿੱਕੀ,ਤਰਲੋਕ ਵੇਡਲ ,ਸੁਖਵੀਰ ਸਿੰਘ ਬਿਆਸ ਪਿੰਡ,ਰਾਜ ਵੀਰ ਸਿੰਘ, ਜੋਧਾ ਸਿੰਘ,ਹਿਮਾਂਸੂ, ਰਿੱਕੀ ਪੱਲਵਾਨ ਅਤੇ ਹੋਰ ਅਨੇਕਾਂ ਨੇਤਾ ਸ਼ਾਮਲ ਸਨ।

ਰੋਜ਼ਾਨਾ ਲੋਕ ਬਾਣੀ

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫੀਲਖਾਨਾ ਪਟਿਆਲਾ ਵੱਲੋਂ ਸਕੂਲ ਦੀਆਂ ਪ੍ਰਾਪਤੀਆਂ ਦੀ ਖਬਰ

**ਪਟਿਆਲਾ/ਇਕਬਾਲ ਸਿੰਘ**

*ਸਰਕਾਰੀ ਸ.ਸ.ਸਮਾਰਟ ਸਕੂਲ ਫੀਲਖਾਨਾ ਪਟਿਆਲਾ ਵਲੋਂ ਜਲਦ ਹੀ ‘ਹੱਸਦੇ ਫੁੱਲ’ ਮੈਗਜੀਨ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਮੈਗਜੀਨ ਵਿੱਚ ਨੰਨੇ-ਮੁੰਨੇ ਵਿਦਿਆਰਥੀਆਂ ਦੀਆਂ ਰਚਨਾਵਾਂ ਅਤੇ ਸੰਸਥਾ ਦੀਆਂ ਪ੍ਰਾਪਤੀਆਂ ਦਰਸਾਈਆਂ ਜਾਣਗੀਆਂ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਆਪ ਜੀ ਦੀ ਫੋਟੋ ਅਤੇ ਨਾਮ ਸਮੇਤ ਅਹੁਦਾ ਕਰੋ ਜੀ ਤਾਂ ਕਿ ਆਪ ਜੀ ਦੀ ਫੋਟੋ ਅਸੀਂ ਮੈਗਜੀਨ ਵਿੱਚ ਲਗਾ ਸਕੀਏ । ਆਪ ਜੀ ਨੇ ਸਾਡੇ ਸਕੂਲ ਦੀਆਂ ਪ੍ਰਾਪਤੀਆਂ ਦੀ ਖਬਰਾਂ ਪ੍ਰਕਾਸ਼ਿਤ ਕੀਤੀਆਂ ਹਨ ਜੀ।*

## ਬਾਲ ਕਹਾਣੀ - ਸ਼ਰਾਰਤੀ ਕਾਂ

ਬਹੁਤ ਪੁਰਾਣੀ ਗੱਲ ਹੈ।ਇੱਕ ਬਹੁਤ ਸੰਘਣਾ ਜੰਗਲ ਸੀ। ਜੰਗਲ ਵਿੱਚ ਅਨੇਕਾਂ ਜਾਨਵਰ ਰਹਿੰਦੇ ਸਨ।ਉੱਥੇ ਕਈ ਤਰ੍ਹਾਂ ਦੇ ਪੰਛੀ ਵੀ ਰਹਿੰਦੇ ਸਨ। ਜੰਗਲ ਦੇ ਇੱਕ ਰੁੱਖ ਦੇ ਉੱਤੇ ਇੱਕ ਕਾਂ ਵੀ ਰਹਿੰਦਾ ਸੀ। ਕਾਂ ਨੇ ਉੱਥੇ ਆਲ੍ਹਣਾ ਪਾਇਆ ਹੋਇਆ ਸੀ। ਉਹ ਕਾਂ ਬਹੁਤ ਸ਼ਰਾਰਤੀ ਸੀ।ਉਹ ਸਾਰੇ ਪੰਛੀਆਂ ਨੂੰ ਤੰਗ - ਪ੍ਰੇਸ਼ਾਨ ਕਰਦਾ ਰਹਿੰਦਾ ਸੀ। ਆਲ਼ੇ - ਦੁਆਲ਼ੇ ਦੇ ਪੰਛੀ ਕਾਂ ਤੋਂ ਬਹੁਤ ਦੁਖੀ ਸੀ। ਇੱਕ ਵਾਰ ਦੀ ਗੱਲ ਹੈ। ਅਚਾਨਕ ਹੀ ਮੌਸਮ ਬਦਲ ਗਿਆ। ਤੇਜ਼ ਹਨ੍ਹੇਰੀ ਚੱਲਣ ਲੱਗ ਪਈ। ਕਾਂ ਦਾ ਆਲ੍ਹਣਾ ਟੁੱਟ ਕੇ ਹੇਠਾਂ ਡਿੱਗ ਪਿਆ। ਕਾਂ ਦੇ ਸੱਟਾਂ ਲੱਗ ਗਈਆਂ। ਕਾਫੀ ਗਰਮੀ ਸੀ। ਕਾਂ ਨੂੰ ਪਿਆਸ ਵੀ ਲੱਗੀ ਹੋਈ ਸੀ। ਹੌਲੀ - ਹੌਲੀ ਚੱਲ ਕੇ ਉਹ ਪਾਣੀ ਲੱਭਣ ਲੱਗਿਆ। ਪਾਣੀ ਲੱਭਦਿਆਂ - ਲੱਭਦਿਆਂ ਉਹ ਇੱਕ ਖ਼ੂਹ ਵਿੱਚ ਡਿੱਗ ਗਿਆ। ਉਸ ਨੇ ਕਾਫੀ ਰੌਲ਼ਾ ਪਾਇਆ। ਉਸ ਦੀ ਆਵਾਜ਼ ਸੁਣ ਕੇ ਉਸ ਜੰਗਲ ਦੇ ਪੰਛੀ ਉੱਥੇ ਆ ਗਏ। ਸਾਰੇ ਪੰਛੀਆਂ ਨੇ ਕਾਂ ਦੀ ਜਾਨ ਬਚਾ ਲਈ। ਕਾਂ ਨੇ ਸਾਰੇ ਪੰਛੀਆਂ ਦਾ ਧੰਨਵਾਦ ਕੀਤਾ। ਉਸ ਨੇ ਆਪਣੀਆਂ ਗਲਤੀਆਂ ਲਈ ਸਾਰੇ ਪੰਛੀਆਂ ਤੋਂ ਮਾਫੀ ਮੰਗੀ। ਕਾਂ ਹੁਣ ਆਰਾਮ ਨਾਲ ਜੰਗਲ ਵਿੱਚ ਰਹਿਣ ਲੱਗ ਪਿਆ। ਹੁਣ ਉਹ ਕਿਸੇ ਵੀ ਪੰਛੀ ਨੂੰ ਤੰਗ -ਪ੍ਰੇਸ਼ਾਨ ਨਹੀਂ ਸੀ ਕਰਦਾ।



ਸਿੱਖਿਆ :- ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਦੂਸਰਿਆਂ ਨੂੰ ਤੰਗ - ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।



**ਅੰਜਲੀ,** ਜਮਾਤ - ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ ਸ੍ਰੀ ਅਨੰਦਪੁਰ ਸਾਹਿਬ , ਜ?ਿਲ੍ਹਾ - ਰੂਪਨਗਰ ( ਪੰਜਾਬ ) ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ

# ਸੀ. ਪੀ. ਆਈ. (ਐਮ.) ਦੀ ਤਹਿਸੀਲ ਪੱਧਰੀ ਮੀਟਿੰਗ ਵਿੱਚ ਸੂਬਾ ਸਕੱਤਰ ਉੱਚੇਚੇ ਤੌਰ ਤੇ ਪੁੱਜੇ



**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਸਮਰਾਲਾ ਵਿਖੇ ਸੀ. ਪੀ. ਆਈ. (ਐਮ.) ਦੀ ਤਹਿਸੀਲ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਕਮੇਟੀ ਦੇ ਮੈਂਬਰ ਕਾਮਰੇਡ ਭਜਨ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਪਾਰਟੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਮੀਟਿੰਗ ਵਿੱਚ ਸ਼ਾਮਲ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਅਤੇ ਪੰਜਾਬ ਅੰਦਰ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਸਬੰਧੀ ਚਿੰਤਾ ਪ੍ਰਗਟ ਕੀਤੀ ਗਈ। ਇਸ ਮੌਕੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਦੇਸ਼ ਅੰਦਰ ਮਹਿੰਗਾਈ ਦਿਨ ਪ੍ਰਤੀ ਵੱਧਦੀ ਹੀ ਜਾ ਰਹੀ ਹੈ, ਜਿਸਨੂੰ ਮੋਦੀ ਸਰਕਾਰ ਠੱਲ ਪਾਉਣ ਵਿੱਚ ਨਾਕਾਯਾਬ ਰਹੀ ਹੈ। ਇਸ ਵੱਧ ਰਹੀ ਮਹਿੰਗਾਈ ਖਿਲਾਫ ਦੇਸ਼ ਦੀਆਂ ਪੰਜ ਪ੍ਰਮੁੱਖ ਖੱਬੇ ਪੱਖੀ ਜਥੇਬੰਦੀਆਂ ਜਿਨ੍ਹਾਂ ਵਿੱਚ ਸੀ. ਪੀ. ਆਈ. (ਐਮ.) ਪ੍ਰਮੁੱਖ ਤੌਰ ਮੋਹਰੀ ਹੋ ਕੇ 25 ਮਈ ਤੋਂ 31 ਮਈ ਤੱਕ ਦੇਸ਼ ਭਰ ਵਿੱਚ ਮੁਜਾਹਰੇ, ਪੁਤਲੇ ਫੂਕ ਅਤੇ ਧਰਨੇ ਦੇਣਗੀਆਂ ਤਾਂ ਜੋ ਕੇਂਦਰ ਦੀ ਮੋਦੀ ਸਰਕਾਰ ਨੂੰ ਕੁੰਭ ਕਰਨੀ ਨੀਂਦ ਤੋਂ ਉਠਾਇਆ ਜਾ ਸਕੇ। ਪ੍ਰਧਾਨ ਮੰਤਰੀ ਮੋਦੀ ਵੱਲੋਂ ਦੇਸ਼ ਭਰ ਦੇ ਮੁੱਖ ਮੰਤਰੀਆਂ ਨੂੰ ਪੈਟਰੋਲ, ਡੀਜਲ ਤੇ ਵੈਟ ਘਟਾਉਣ ਦੀ ਅਪੀਲ ਕੀਤੀ ਸੀ, ਪ੍ਰੰਤੂ ਉਨ੍ਹਾਂ ਕਿਹਾ ਮੋਦੀ ਸਰਕਾਰ ਪੈਟਰੋਲ, ਡੀਜਲ ਨੂੰ ਖੁਦ ਜੀ. ਐਸ. ਟੀ. ਦੇ ਘੇਰੇ ਵਿੱਚ ਕਿਉਂ ਨਹੀਂ ਲੈ ਕੇ ਆਉਂਦੀ, ਜਦੋਂ ਕਿ ਜੀ. ਐਸ. ਟੀ. ਦੀ ਵੱਧ ਤੋਂ ਵੱਧ ਸਲੈਬ 28 ਪ੍ਰਤੀਸ਼ਤ ਹੈ, ਜਦੋਂ ਕਿ ਸੂਬਾ ਸਰਕਾਰਾਂ ਦੁਆਰਾ ਟੈਕਸ 100 ਪ੍ਰਤੀਸ਼ਤ ਵੱਧ ਪੈ ਰਿਹਾ ਹੈ। ਇਹ ਸਾਰਾ ਕੁਝ ਪ੍ਰਧਾਨ ਮੰਤਰੀ ਆਪਣੇ ਹਤੈਸ਼ੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਪੈਟਰੋਲ ਡੀਜਲ ਨੂੰ ਜੀ. ਐਸ. ਟੀ. ਦੇ ਘੇਰੇ ਵਿੱਚ ਨਹੀਂ ਲੈ ਕੇ ਆ ਰਿਹਾ। ਉਨ੍ਹਾਂ ਅੱਗੇ ਪੰਜਾਬ ਦੇ ਹਾਲਾਤਾਂ ਸਬੰਧੀ ਟਿੱਪਣੀ ਕਰਦੇ ਹੋਏ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਸਰਕਾਰ ਅਯੋਗ ਵਿਅਕਤੀਆਂ ਦੀ ਹੈ, ਜਿਨ੍ਹਾਂ ਨੂੰ ਰਾਜਨੀਤੀ ਬਾਰੇ ਕੁਝ ਨਹੀਂ ਪਤਾ, ਉਨ੍ਹਾਂ ਭਗਵੰਤ ਮਾਨ ਨੂੰ ਕਿਹਾ ਕਿ ਉਸ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਉਹ ਸ਼ਹੀਦ ਭਗਤ ਸਿੰਘ ਦਾ ਅਨੁਆਈ ਹੈ ਜਾਂ ਗਾਂਧੀ ਦਾ। ਉਨ੍ਹਾਂ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਜਿਹੜੀ ਸੌਂਹ ਉਹ ਭਗਤ ਸਿੰਘ ਦੀ ਸਮਾਧ ਤੇ ਖਾ ਕੇ ਆਇਆ ਸੀ, ਉਸ ਪ੍ਰਤੀ ਉਸਨੂੰ ਸਮਰਪਿਤ ਹੋਣਾ ਪੈਣਾ ਹੈ, ਜੇਕਰ ਇਸੇ ਤਰਾਂ ਕੇਜਰੀਵਾਲ ਦੇ ਪਿੱਛੇ ਲੱਗਿਆ ਰਿਹਾ ਤਾਂ ਪੰਜਾਬ ਦੇ ਹਾਲਾਤ ਇਸ ਨਾਲੋਂ ਵੀ ਵੱਧ ਮਾੜੇ ਹੋਣਗੇ। ਭਗਵੰਤ ਮਾਨ ਜੋ ਸਿਹਤ ਅਤੇ ਸਿੱਖਿਆ ਸਬੰਧੀ ਦਿੱਲੀ ਮਾਡਲ ਦੀਆਂ ਗੱਲਾਂ ਕਰਦਾ ਹੈ, ਉਸ ਨੂੰ ਕੇਰਲਾ ਮਾਡਲ ਦੇਖਣਾ ਚਾਹੀਦਾ ਹੈ, ਜਿੱਥੇ 20 ਸਾਲ ਪਹਿਲਾਂ ਕੋਈ ਅਨਪੜ੍ਹ ਵਿਅਕਤੀ ਮੌਜੂਦ ਨਹੀਂ ਸੀ, ਇਸ ਰਾਜ ਵਿੱਚ ਸਾਡੀ ਸਰਕਾਰ ਹੈ, ਜੇਕਰ ਭਾਰਤ ਦੇ ਲੋਕਾਂ ਨੇ ਦੇਸ਼ ਬਚਾਉਣਾ ਹੈ ਤਾਂ ਖੱਬੇ ਪੱਖੀ ਪਾਰਟੀਆਂ ਨਾਲ ਰਲਣਾ ਪੈਣਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਹਰਪਾਲ ਸਿੰਘ ਪੂਰਬਾ ਜ਼ਿਲ੍ਹਾ ਕਮੇਟੀ ਮੈਂਬਰ, ਤਹਿਸੀਲ ਸਕੱਤਰ ਨਿੱਕਾ ਸਿੰਘ ਖੇੜਾ, ਨਿਰਮਲ ਸਿੰਘ ਮੁਗਲੇਵਾਲ, ਮਸਤਾ ਸਿੰਘ ਜੱਸੋਵਾਲ, ਪ੍ਰਕਾਸ਼ ਸਿੰਘ ਉਦੋਵਾਲ, ਦਲਬਾਰਾ ਸਿੰਘ ਬੌਂਦਲੀ ਆਦਿ ਹਾਜਰ ਸਨ।

ਰੋਜ਼ਾਨਾ ਲੋਕ ਬਾਣੀ

# ਸਿਵਲ ਸਰਜਨ ਵੱਲੋਂ ਰਾਸ਼ਟਰੀ ਡੇਂਗੂ ਦਿਵਸ ਮੌਕੇ ਰੈਲੀ ਨੂੰ ਝੰਡੀ ਦੇ ਕੇ ਕੀਤਾ ਰਵਾਨਾ




**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਡਾ ਐਸ ਪੀ ਸਿੰਘ ਦੇ ਦਿਸਾ ਨਿਰਦੇਸ਼ਾਂ ਹੇਠ ਰਾਸ਼ਟਰੀ ਡੇਂਗੂ ਦਿਵਸ ਮੌਕੇ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਡਾ ਸਿੰਘ ਨੇ ਦੱਸਿਆ ਇਹ ਦਿਵਸ ਆਮ ਜਨਤਾ ਨੂੰ ਡੇਗੂ ਤੋ ਬਚਾਅ ਲਈ ਜਾਗਰੂਕਤਾ ਪੱਖੋ ਹਰ ਸਾਲ 16 ਮਈ ਨੂੰ ਮਨਾਇਆ ਜਾਂਦਾ ਹੈ। ਉਨਾਂ ਦੱਸਿਆ ਕੇ ਡੇੱਗੂ ਇਕ ਵਾਇਰਲ ਬੁਖਾਰ ਹੈ।

ਡਾ ਸਿੰਘ ਨੇ ਦੱਸਿਆ ਇਹ ਦਿਨ ਜਿਲ੍ਹੇ ਦੇ ਵੱਖ ਵੱਖ ਸਿਹਤ ਕੇਦਰਾਂ ਵਿਚ ਮਨਾਇਆ ਗਿਆ। ਇਸ ਸਾਲ ਦਾ ਥੀਮ ਹੈ“ ਡੇਗੂ ਰੋਕਥਾਮ ਯੋਗ ਹੈ, ਆਉ ਹੱਥ ਮਿਲਾਈਏ“।

ਇਸ ਮੌਕੇ ਜਿਲ੍ਹਾ ਐਪੀਡੀਮੋਲੋਜਿਸਟ ਡਾ ਪ੍ਰਭਲੀਨ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਰਸਾਤਾਂ ਦਾ ਸੀਜਨ ਆਉਣ ਵਾਲਾ ਹੈ ਜਿਸ ਕਾਰਨ ਡੇਂਗੂ, ਚਿਕਨਗੁਨੀਆ ਬੁਖਾਰ ਅਤੇ ਪੇਟ ਦੀਆਂ ਬਿਮਾਰੀਆ ਪੈਦਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਮੌਸਮ ਦੌਰਾਨ ਡੇਂਗੂ ਬੁਖਾਰ ਦੇ ਕਾਰਨ, ਲੱਛਣ ਅਤੇ ਇਸ ਤੋਂ ਕਿਵੇ ਬਚਿਆ ਜਾ ਸਕਦਾ ਹੈ ਇਸ ਸਬੰਧੀ ਦੱਸਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਐਡੀਜ ਅਜੈਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਸ ਲਈ ਇਸ ਨੂੰ ਟਾਇਗਰ ਮੱਛਰ ਵੀ ਕਹਿੰਦੇ ਹਨ। ਇਸ ਦੇ ਸ਼ਰੀਰ ਤੇ ਟਾਇਗਰ ਵਰਗੀਆ ਧਾਰੀਆ ਬਣੀਆ ਹੁੰਦੀਆ ਹਨ। ਇਹ ਮੱਛਰ ਕੂਲਰਾਂ, ਕੰਨਟੇਨਰਾ, ਫਰਿਜ਼ ਦੇ ਪਿਛੇ ਲੱਗੀਆ ਟ੍ਰੈਆਂ, ਗਮਲਿਆਂ, ਘਰਾਂ ਦੀਆ ਛੱਤਾ ਉਪਰ ਪਏ ਕਬਾੜ, ਟਾਇਰ ਆਦਿ ਵਿਚ ਖੜ੍ਹੇ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ। ਇੱਕ ਹਫਤੇ ਦੇ ਅੰਦਰ-ਅੰਦਰ ਅੰਡੇ ਤੋਂ ਪੂਰਾ ਅਡੱਲਟ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਇਹ ਮੱਛਰ ਇਕ ਚੱਮਚ ਪਾਣੀ ਵਿਚ ਵੀ ਪੈਦਾ ਹੋ ਜਾਂਦਾ ਹੈ। ਇਹ ਮੱਛਰ ਜਿਆਦਾਤਰ ਸਵੇਰ ਵੇਲੇ ਸੂਰਜ ਚੜਣ ਤੋਂ ਬਾਅਦ ਅਤੇ ਸ਼ਾਮ ਨੂੰ ਸੂਰਜ ਡੁਬਣ ਵੇਲੇ ਕੱਟਦਾ ਹੈ। ਇਹ ਮੱਛਰ ਜਿਆਦਾਤਰ ਸ਼ਰੀਰ ਦੇ ਹੇਠਲੇ ਹਿੱਸਿਆਂ ਤੇ ਕੱਟਦਾ ਹੈ ਇਸਦੀ ਪੈਦਾਵਾਰ 20 ਡਿਗਰੀ ਤੋਂ 34 ਡਿਗਰੀ ਤਾਪਮਾਨ ਵਿਚ ਜਿਆਦਾ ਹੁੰਦੀ ਹੈ। ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜਿਆ ਤੇ ਨੱਕ ਵਿਚ ਖੂਨ ਵਗਣਾ ਡੇਂਗੂ ਬੁਖਾਰ ਦੇ ਲਛਣ ਹਨ। ਬੁਖਾਰ ਹੋਣ ਤੇ ਐਸਪ੍ਰੀਨ ਅਤੇ ਬਰੂਫਨ ਨਾ ਲਵੋ ਸਿਰਫ ਪੈਰਾਸੀਟਾਮੋਲ ਡਾਕਟਰ ਦੀ ਸਲਾਹ ਨਾਲ ਲਵੋ। ਪਾਣੀ ਜਾਂ ਤਰਲ ਚੀਜਾ ਜਿਆਦਾ ਪੀਓ ਅਤੇ ਆਰਾਮ ਕਰਨਾ ਚਾਹੀਦਾ ਹੈ। ਡੇਂਗੂ ਬੁਖਾਰ ਦੇ ਸ਼ੱਕੀ ਮਰੀਜ ਜਿਲ੍ਹਾ ਲੁਧਿਆਣਾ ਦੇ ਐਸ.ਐਸ.ਐਚ. ਸੈਂਟਰ ਜੋ ਕਿ ਸਿਵਲ ਹਸਪਤਾਲ ਲੁਧਿਆਣਾ, ਖੰਨਾ ਅਤੇ ਜਗਰਾਓ ਵਿਖੇ ਸਥਾਪਤ ਹਨ ਓਥੇ ਜਾ ਕੇ ਫਰੀ ਕੰਨਫਰਮੇਸ਼ਨ ਟੈਸਟ ਕਰਵਾ ਸਕਦੇ ਹਨ। ਪੋਜਟਿਵ ਡੇਂਗੂ ਕੇਸਾਂ ਦਾ ਸਪੋਰਟਿਵ ਇਲਾਜ਼ ਸਿਹਤ ਵਿਭਾਗ ਵੱਲੋ ਮੁਫ਼ਤ ਕੀਤਾ ਜਾਂਦਾ ਹੈ।

# ਡੀ.ਸੀ.ਐਸ.ਟੀ. ਲੁਧਿਆਣਾ ਵੱਲੋਂ ਸੀ.ਸੀ.ਟੀ.ਵੀ. ਕੈਮਰਿਆਂ ਦੇ ਕਾਰੋਬਾਰੀ ਦੇ ਸ਼ੋਅ ਰੂਮ ਦੀ ਚੈਕਿੰਗ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ:-** ਕਰ ਕਮਿਸ਼ਨਰ ਪੰਜਾਬ ਸ੍ਰੀ ਕਮਲ ਕਿਸ਼ੋਰ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਡੀ.ਸੀ.ਐਸ.ਟੀ. ਲੁਧਿਆਣਾ ਡਵੀਜ਼ਨ ਸ੍ਰੀਮਤੀ ਰਣਧੀਰ ਕੌਰ ਅਤੇ ਏ.ਸੀ.ਐਸ.ਟੀ. ਲੁਧਿਆਣਾ-2 ਸ਼ਾਇਨੀ ਸਿੰਘ ਦੀ ਅਗਵਾਈ ਹੇਠ ਅੱਜ ਸਥਾਨਕ ਕੋਚਰ ਮਾਰਕੀਟ, ਲੁਧਿਆਣਾ ਵਿਖੇ ਸੀ.ਸੀ.ਟੀ.ਵੀ. ਕੈਮਰਿਆਂ ਦੇ ਕਾਰੋਬਾਰੀ ਦੇ ਸ਼ੋਅ ਰੂਮ ਦੀ ਚੈਕਿੰਗ ਕੀਤੀ ਗਈ।

ਐਸ.ਟੀ.ਓ. ਸ੍ਰੀ ਧਰਮਿੰਦਰ ਕੁਮਾਰ, ਰਿਤੂਰਾਜ ਸਿੰਘ ਅਤੇ ਈ.ਟੀ.ਐਲ.ਐਸ. ਸ੍ਰੀ ਰਿਸ਼ੀ ਵਰਮਾ, ਸ. ਪ੍ਰੇਮਜੀਤ ਸਿੰਘ, ਸ. ਬਲਕਾਰ ਸਿੰਘ, ਸ. ਗੁਰਦੀਪ ਸਿੰਘ ਦੀ ਟੀਮ ਨੇ ਇਹ ਨਿਰੀਖਣ ਕੀਤਾ।

ਅਧਿਕਾਰੀਆਂ ਵੱਲੋ ਵਿਕਰੀ ਨੂੰ ਸ਼ੋਅ ਨਾ ਕਰਨ ਸਬੰਧੀ ਕਾਰਵਾਈ ਦੌਰਾਨ ਸਬੰਧਤ ਦਸਤਾਵੇਜ਼ ਜ਼ਬਤ ਕਰ ਲਏ ਗਏ। ਇਹ ਨਿਰੀਖਣ ਪੰਜਾਬ ਗੁੱਡਜ਼ ਐਂਡ ਸਰਵਿਸਿਜ਼ ਐਕਟ, 2017 ਦੇ ਤਹਿਤ ਨਿਰਧਾਰਤ ਵਿਧੀ ਅਨੁਸਾਰ ਕੀਤਾ ਗਿਆ।

# 18 ਮਈ ਦੀ ਕੈਬਨਿਟ ਮੀਟਿੰਗ ‘ਚ ਜੇਕਰ ਉਮਰ ਹੱਦ ਵਿੱਚ ਵਾਧਾ ਨਾ ਕੀਤਾ ਗਿਆ ਤਾਂ ਸਿੱਖਿਆ ਮੰਤਰੀ ਦੀ ਬਰਨਾਲਾ ਰਿਹਾਇਸ ਦਾ ਕੀਤਾ ਜਾਵੇਗਾ ਘਿਰਾਓ- ਰਮਨ ਕੁਮਾਰ




**ਮਲੋਟ ਮੁਕਤਸਰ/ਗਿਆਨ ਸਾਹਨੀ**

ਓਵਰਏਜ ਬੇਰੋਜਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਨੇ ਦੱਸਿਆ ਕਿ ਮਾਸਟਰ ਕੇਡਰ 4161 ਪੋਸਟਾਂ ਵਿੱਚ ਅਪਲਾਈ ਕਰਨ ਲਈ ਉਮਰ ਹੱਦ 37 ਹੈ ਜਿਸ ਨੂੰ 42 ਕਰਵਾਉਣ ਲਈ ਵਾਰ ਵਾਰ ਚੰਡੀਗੜ੍ਹ ਸੀ.ਐੱਮ. ਜਲਦ ਹੀ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਇਸ ਲਈ ਸਰਕਾਰ ਦੇ ਲਾਰਿਆਂ ਤੋਂ ਅੱਕ ਕੇ ਸੂਬਾ ਪ੍ਰਧਾਨ 30 ਅਪ੍ਰੈਲ ਨੂੰ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਬਰਨਾਲਾ ਰਿਹਾਇਸ ਮੂਹਰੇ ਮਰਨ ਵਰਤ ਤੇ ਬੈਠ ਗਿਆ ਸੀ, ਜੋ ਕਿ ਤਿੰਨ ਦਿਨਾਂ ਲਗਾਤਾਰ ਚੱਲਣ ‘ਤੇ ਸਿਹਤ ਖਰਾਬ ਹੋ ਜਾਣ ਕਾਰਨ ਪ੍ਰਸਾਸਨ ਅਤੇ ਮੰਤਰੀ ਵੱਲੋਂ ਆਸਵਾਸਨ ਦੇ ਕੇ ਮੰਤਰੀ ਦੇ ਪਿਤਾ ਵੱਲੋਂ ਵਰਤ ਖੁੱਲ੍ਹਵਾ ਦਿੱਤਾ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਜਲਦ ਹੀ ਉਮਰ ਹੱਦ ਵਿੱਚ ਵਾਧਾ ਕਰਕੇ ਤੁਹਾਨੂੰ ਅਪਲਾਈ ਕਰਵਾਇਆ ਜਾਵੇਗਾ ਅਤੇ ਅਪਲਾਈ ਕਰਨ ਦੀ ਮਿਤੀ ਵਿੱਚ 15 ਮਈ ਤੱਕ ਵਾਧਾ ਕਰ ਦਿੱਤਾ ਗਿਆ ਸੀ। ਪਰ 15 ਮਈ ਤੱਕ ਸਰਕਾਰ ਨੇ ਨਾ ਤਾਂ ਉਮਰ ਹੱਦ ਵਿੱਚ ਵਾਧਾ ਕੀਤਾ ਬਲਕਿ ਪੋਸਟਾਂ ਲਈ ਅਪਲਾਈ ਕਰਨ ਦੀ ਮਿਤੀ ਵਿੱਚ ਵਾਧਾ ਕਰਨ ਦੀ ਬਜਾਏ ਪੋਰਟਲ ਹੀ ਬੰਦ ਕਰ ਦਿੱਤਾ। ਵਾਰ- ਵਾਰ ਮਹਿਕਮੇ ਨਾਲ ਸੰਪਰਕ ਕਰਨ ‘ਤੇ ਪਤਾ ਲੱਗਾ ਹੈ ਕਿ 18 ਮਈ ਦੀ ਕੈਬਨਿਟ ਮੀਟਿੰਗ ਵਿੱਚ ਉਮਰ ਹੱਦ ਵਿੱਚ ਵਾਧੇ ਦਾ ਏਜੰਡਾ ਸਾਮਿਲ ਹੈ। ਇਸ ਲਈ ਜੇਕਰ 18 ਮਈ ਦੀ ਕੈਬਨਿਟ ਮੀਟਿੰਗ ਵਿੱਚ ਉਮਰ ਹੱਦ ਵਿੱਚ ਵਾਧਾ ਨਾ ਕੀਤਾ ਗਿਆ ਤਾਂ ਯੂਨੀਅਨ ਵੱਲੋਂ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਬਰਨਾਲਾ ਰਿਹਾਇਸ ਦਾ ਘਿਰਾਓ ਕਰਕੇ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਲਈ ਸਰਕਾਰ ਜਲਦ ਹੀ ਮਾਸਟਰ ਕੇਡਰ 4161 ਪੋਸਟਾਂ ਵਿੱਚ ਸਿੱਖਿਆ ਵਿਭਾਗ ਰਾਹੀਂ ਉਮਰ ਹੱਦ ਵਿੱਚ 5 ਸਾਲ ਦਾ ਵਾਧਾ ਕਰਕੇ ਉਮਰ ਹੱਦ ਨੂੰ 37 ਤੋਂ 42 ਕਰਨ ਦਾ ਕੋਰੀਏਡਮ ਕੱਢ ਕੇ ਬੇਰੋਜਗਾਰ ਸਾਥੀਆਂ ਨੂੰ ਅਪਲਾਈ ਕਰਵਾਏ।



# ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵਲੋਂ ਜਿਲੇ ਦੇ ਡਿਪਟੀ ਕਮਿਸ਼ਨਰ,ਜਿਲਾ ਪੁਲਿਸ ਮੁਖੀ ,ਏ ਡੀ ਸੀ ਵਿਕਾਸ ਅਤੇ ਬੀ ਡੀ ਪੀ ਓ ਬਲਾਕ ਮਹਿਲ ਕਲਾਂ ਦੇ ਸਾਰੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ

**ਬਰਨਾਲਾ/ਕਰਨਪ੍ਰੀਤ ਧੰਦਰਾਲ:-** ਬਰਨਾਲਾ ਜਿਲੇ ਦੇ ਹਲਕਾ ਮਹਿਲ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਦੂਜੀ ਵਾਰ ਜਿੱਤੇ ਵਿਧਾਇਕ ਸਰਦਾਰ ਕੁਲਵੰਤ ਸਿੰਘ ਪੰਡੋਰੀ ਵਲੋਂ ਜਿਲੇ ਦੇ ਡਿਪਟੀ ਕਮਿਸ਼ਨਰ , ਜਿਲਾ ਪੁਲਿਸ ਮੁਖੀ ,ਏ ਡੀ ਸੀ ਵਿਕਾਸ ਅਤੇ ਬੀ ਡੀ ਪੀ ਓ ਬਲਾਕ ਮਹਿਲ ਕਲਾਂ ਦੇ ਸਾਰੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ 1 ਮੀਟਿੰਗ ਉਪਰੰਤ ਵਿਧਾਇਕ ਕੁਲਵੰਤ ਪੰਡੋਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਹਲਕਿਆਂ ਲਈ ਬਣ ਰਹੀਆਂ ਵੱਖ ਵੱਖ ਪ੍ਰੋਜਲਾ ਸਬੰਧੀ ਸਾਰੇ ਅਧਿਕਾਰੀਆਂ ਤੋ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਨਵੇ ਆ ਰਹੇ ਪ੍ਰੌਜੈਕਟਾ ਸਬੰਧੀ ਸਾਡੀਆ ਪਿੰਡ ਇਕਾਈਆਂ ਨਾਲ ਤਾਲਮੇਲ ਕਰਕੇ ਉਹਨਾ ਦੇ ਸਹਿਯੋਗ ਨਾਲ ਵੱਖ ਵੱਖ ਸਕੀਮਾ ਪਿੰਡਾ ਵਿੱਚ ਲਾਗੂ ਕਰਨ ਦੇ ਆਦੇਸ ਦਿੱਤੇ! ਉਹਨਾਂ ਕਿਹਾ ਕਿ ਪਿੰਡਾਂ ਵਿਚ ਕਿਸੇ ਕਿਸਮ ਦੇ ਨਸ਼ੇ ਦੇ ਸੌਦਾਗਰਾਂ ਨੂੰ ਬਖਸ਼ਿਆ ਨਾ ਜਾਵੇ ਜਿਸ ਸੰਬੰਧੀ ਜਿਲਾ ਪੁਲਿਸ ਮੁਖੀ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਆਪ ਦੀ ਸਰਕਾਰ ਲੁੱਕਣ ਦੀ ਹਮਦਰਦ ਸਰਕਾਰ ਸਿੱਧ ਹੋਵੇਗੀ ਲੋਕਾਂ ਦੇ ਸਹਿਜੋਗ ਸਦਕਾ ਹਲਕਾ ਮਹਿਲਾ ਕਲਾਂ ਦੀ ਵਿਕਾਸ ਤਹਿਤ ਤਸਵੀਰ ਬਦਲੇਗੀ।

# ਵਿਦਿਆਰਥੀ ਨਸ਼ਿਆਂ ਤੋਂ ਦੂਰ ਰਹਿਣ ਅਤੇ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ : ਇੰਸ. ਕੁਲਜੀਤ ਸਿੰਘ




**ਮਾਛੀਵਾੜਾ ਸਾਹਿਬ/ਭੂਸਨ ਬਾਂਸਲ ਸੁਨੀਲ ਅਗਰਵਾਲ**

ਐੱਸ.ਐੱਸ.ਪੀ. ਖੰਨਾ ਦੀ ਹਦਾਇਤਾਂ ’ਤੇ ਐੱਸ.ਪੀ.(ਐੱਚ.) ਦੀ ਅਗਵਾਈ ’ਚ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਹਰਜਸ ਪਬਲਿਕ ਸਕੂਲ ਪਿੰਡ ਝੜੌਦੀ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਟ੍ਰੈਫ਼ਿਕ ਨਿਯਮ ਅਪਨਾਉਣ ਸਬੰਧੀ ਜਾਗਰੂਕਤ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਦੇ ਇੰਚਾਰਜ ਇੰਸ. ਕੁਲਜੀਤ ਸਿੰਘ ਨੇ ਕਿਹਾ ਕਿ ਸਮਾਜ ਦੇ ਮਾੜੇ ਅਨਸਰ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਲਵਾ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਰਹੇ ਹਨ। ਇਸ ਲਈ ਵਿਦਿਆਰਥੀ ਵਰਗ ਨੂੰ ਆਪਣਾ ਧਿਆਨ ਆਪਣੀ ਵਿੱਦਿਆ ਪ੍ਰਾਪਤੀ ਵੱਲ ਦੇਣਾ ਚਾਹੀਦਾ ਹੈ ਅਤੇ ਨਸ਼ਿਆਂ ਦੀ ਭੈੜੀ ਅਲਾਮਤ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਜੇਕਰ ਕੋਈ ਮਾੜਾ ਅਨਸਰ ਵਿਦਿਆਰਥੀਆਂ ਨੂੰ ਨਸ਼ਾ ਵੰਡਦਾ ਹੈ ਜਾਂ ਪ੍ਰੇਰਦਾ ਹੈ ਤਾਂ ਉਸਦੀ ਸੂਚਨਾ ਤੁਰੰਤ ਨੇੜਲੇ ਥਾਣੇ ਨੂੰ ਕੀਤੀ ਜਾਵੇ, ਉਨ੍ਹਾਂ ਵਿਰੁੱਧ ਫੌਰੀ ਕਾਰਵਾਈ ਹੋਵੇਗੀ। ਉਨ੍ਹਾਂ ਹਾਜ਼ਰ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਵੀ ਜਾਗਰੂਕ ਕੀਤਾ ਅਤੇ ਕਿਹਾ ਕਿ ਬਿਨ੍ਹਾਂ ਲਾਈਸੰਸ ਅਤੇ ਹੋਰ ਦਸਤਾਵੇਜ਼ਾਂ ਤੋਂ ਵਾਹਨ ਚਲਾਉਣਾ ਕਾਨੂੰਨੀ ਜੁਰਮ ਹੈ। ਇਸ ਲਈ 18 ਸਾਲ ਤੋਂ ਘੱਟ ਉਮਰ ਤੱਕ ਦੇ ਬੱਚੇ ਇਸ ਦੀ ਸਖ਼ਤੀ ਨਾਲ ਪਾਲਣਾ ਕਰਨ, ਕਿਉਂਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨਾਬਾਲਗ ਵਿਦਿਆਰਥੀਆਂ ਦੇ ਮਾਪਿਆਂ ਨੂੰ ਮਾਨਯੋਗ ਅਦਾਲਤ ਵੱਲੋਂ ਸਜ਼ਾ ਵੀ ਦਿੱਤੀ ਜਾ ਸਕਦੀ ਹੈ। ਇਸ ਮੌਕੇ ਵੂਮੈਨ ਹੈਲਪ ਡੈਸਕ ਵੱਲੋਂ ਕਾਂਸਟੇਬਲ ਮੰਜੂ, ਪੂਜਾ ਅਤੇ ਜਸਪ੍ਰੀਤ ਕੌਰ ਵੱਲੋਂ ਲੜਕੀਆਂ ਨੂੰ 112 ਅਤੇ 181 ਹੈਲਪਲਾਈਨ ਬਾਰੇ ਵਿਸਥਾਰਪੂਰਵਕ ਜਾਣੂੰ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨਾਲ ਕੋਈ ਕਿਸੇ ਤਰ੍ਹਾਂ ਦੀ ਗਲਤ ਹਰਕਤ ਕਰਦਾ ਹੈ ਜਾਂ ਤੰਗ ਪ੍ਰੇਸ਼ਾਨ ਕਰਦਾ ਹੈ ਤਾਂ ਉਹ ਤੁਰੰਤ ਇਨ੍ਹਾਂ ਨੰਬਰਾਂ ’ਤੇ ਸ਼ਿਕਾਇਤ ਦਰਜ ਕਰਵਾਉਣ, ਉਨ੍ਹਾਂ ਲਈ ਤੁਰੰਤ ਸਹਾਇਤਾ ਪ੍ਰਦਾਲ ਕਰਵਾਈ ਜਾਵੇਗੀ। ਸਾਂਝ ਕੇਂਦਰ ਮਾਛੀਵਾੜਾ ਦੇ ਮੈਂਬਰ ਅੰਮ੍ਰਿਤਪਾਲ ਨੇ ਵਿਦਿਆਰਥੀਆਂ ਨੂੰ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਲੜਕੀਆਂ ਲਈ ‘ਸ਼ਕਤੀ ਐਪ’ ਬਾਰੇ ਜਾਣਕਾਰੀ ਦਿੱਤੀ ਗਈ। ਨਾਲ ਹੀ ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਅਸਲ ਮਕਸਦ ਪੜ੍ਹਾਈ ਦੀ ਤਰਫ਼ ਤਵੱਜੋ ਦੇਣ ’ਤੇ ਜ਼ੋਰ ਦਿੱਤਾ ਅਤੇ ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਆਦਰ ਕਰਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ’ਤੇ ਚੱਲਣ ਦਾ ਸੰਦੇਸ਼ ਦਿੱਤਾ। ਅੰਤ ਵਿਚ ਸਕੂਲ ਮੁਖੀ ਪਰਮਜੀਤ ਸਿੰਘ ਨੇ ਆਏ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਮਹੱਤਵਪੂਰਨ ਜਾਣਕਾਰੀ ਮਿਲੀ ਹੈ, ਜਿਸ ਨੂੰ ਉਹ ਆਪਣੇ ਜੀਵਨ ਵਿਚ ਗ੍ਰਹਿਣ ਕਰਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਉੱਘੇ ਸਮਾਜਸੇਵੀ ਸ਼ਿਵ ਕੁਮਾਰ ਸ਼ਿਵਲੀ, ਪਰਮਜੀਤ ਕੌਰ ਸੈਣੀ, ਪ੍ਰਿੰ. ਜਸਵਿੰਦਰ ਕੌਰ, ਵਾਈਸ ਪ੍ਰਿੰ. ਵੰਦਨਾ ਪਰਿਹਾਰ, ਸੀਨੀਅਰ ਅਧਿਆਪਕ ਸਤੀਸ਼ ਕੁਮਾਰ, ਮੈਡਮ ਰਾਜਵਿੰਦਰ ਕੌਰ, ਮੈਡਮ ਲਵਪ੍ਰੀਤ ਕੌਰ, ਮੈਡਮ ਨਵਨੀਤ ਕੌਰ, ਮੈਡਮ ਰਮਨ ਆਦਿ ਵੀ ਹਾਜ਼ਰ ਸਨ।

# ਨਹਿਰੀ ਵਿਭਾਗ ਦੀਆਂ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਛੁਡਾਉਣ ਲਈ ਸਿੰਚਾਈ ਮੰਤਰੀ ਕਰਨ ਉਪਰਾਲਾ- ਲਖਵਿੰਦਰ ਸਿੰਘ

**ਅੰਮ੍ਰਿਤਸਰ/ਰਾਜਾ ਕੋਟਲੀ**

ਜਲ ਸਰੋਤ ਵਿਭਾਗ ਪੰਜਾਬ ਦੇ ਵਖ ਵਖ ਸਰਕਲਾਂ ਵਿੱਚ ਵਿਭਾਗ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹਜਾਰਾਂ ਏਕੜ ਸਰਕਾਰੀ ਜ਼ਮੀਨਾਂ ਤੇ ਪ੍ਰਾਈਵੇਟ ਲੋਕਾਂ ਦੇ ਕਰਵਾਏ ਨਜਾਇਜ਼ ਕਬਜ਼ੇ ਛੁਡਵਾਉਣ ਸੰਬੰਧੀ ਪੰਜਾਬ ਸਰਕਾਰ ਨੂੰ ਲਿਖੇ ਇਕ ਪੱਤਰ ਰਾਹੀਂ ਮੰਗ ਕਰਦਿਆਂ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਵਲੰਟੀਅਰ ਲਖਵਿੰਦਰ ਸਿੰਘ ਕਲੇਰ ਨੇ ਕਿਹਾ ਹੈ ਕਿ ਵਿਭਾਗ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਵੱਲੋ ਆਪਣੇ ਨਿੱਜੀ ਲਾਲਚਾ ਕਾਰਨ ਨਹਿਰਾਂ ਅਤੇ ਡਰੇਨਾਂ ਦੀਆਂ ਹਜਾਰਾਂ ਏਕੜ ਜ਼ਮੀਨ ਤੇ ਨਜਾਇਜ਼ ਕਬਜ਼ੇ ਕਰਵਾਏ ਗਏ ਹਨ ਅਤੇ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਨਹਿਰਾਂ ਅਤੇ ਡਰੇਨਾਂ ਤੇ ਮਿਲੀਭੁਗਤ ਨਾਲ ਬਣਵਾਏ ਗਏ ਨਜਾਇਜ਼ ਪੁੱਲ,ਅਤੇ ਹਜਾਰਾਂ ਦੀ ਗਿਣਤੀ ਵਿੱਚ ਬਣਵਾਈਆਂ ਗਈਆ ਪ੍ਰਾਈਵੇਟ ਲੋਕਾਂ ਦੀਆਂ ਦੁਕਾਨਾਂ,ਵੱਡੇ ਵੱਡੇ ਸੋਅ ਰੂਮ ਤੋਂ ਇਲਾਵਾ ਨਹਿਰੀ ਵਿਭਾਗ ਦੀਆਂ ਵਾਹੀਯੋਗ ਜ਼ਮੀਨਾਂ ਮੋਟੀਆਂ ਰਕਮਾਂ ਲੈ ਕੇ ਠੇਕੇ ਤੇ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਛੁਡਵਾ ਕੇ ਮਹਿਕਮੇ/ਪੰਜਾਬ ਸਰਕਾਰ ਦਾ ਇਕ ਬਹੁਤ ਵੱਡਾ ਆਮਦਨ ਦਾ ਸਾਧਨ ਬਣ ਸਕਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਜ਼ਮੀਨਾਂ ਤੇ ਹੁਣ ਵੀ ਕੁੱਝ ਭ੍ਰਿਸ਼ਟ ਅਧਿਕਾਰੀਆਂ ਵੱਲੋ ਨਜਾਇਜ਼ ਕਬਜ਼ੇ ਅਤੇ ਬਿਨਾਂ ਮਨਜੂਰੀ ਨਹਿਰਾਂ ਅਤੇ ਡਰੇਨਾਂ ਤੇ ਪੁੱਲ ਬਣਵਾਏ ਜਾ ਰਹੇ ਹਨ।ਜਿਸ ਸੰਬੰਧੀ ਉਹਨਾਂ ਵੱਲੋ ਜਲਦ ਹੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆ ਕੇ ਇਨ੍ਹਾਂ ਸਰਕਾਰੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕਰਵਾਉਣ ਵਾਲੇ ਭ੍ਰਿਸ਼ਟ ਅਧਿਕਾਰੀਆਂ ਦੇ ਨਾਮ ਸਾਹਮਣੇ ਲਿਆਂਦੇ ਜਾਣਗੇ ਅਤੇ ਇਨ੍ਹਾਂ ਵੱਲੋ ਬਣਾਈਆਂ ਨਾਮੀ ਬੇ ਇਨਾਮੀ ਜਾਇਦਾਦਾਂ ਦੀ ਪੜਤਾਲ ਕਰਵਾਉਣਗੇ।



# ਪਟਿਆਲਾ ਦੇ ਸਰਕਟ ਹਾਊਸ ਵਿਖੇ ਪੱਤਰਕਾਰਾਂ ਦੇ ਰੂਬਰੂ ਹੁੰਦੇ ਹੋਏ ਰਾਸਟਰੀ ਐਸ ਸੀ ਕਮਿਸਨਰ ਦੇ ਚੇਅਰਮੈਨ ਵਿਜੇ ਸਾਂਪਲਾ

**ਪਟਿਆਲਾ/ਇਕਬਾਲ ਸਿੰਘ**

ਰਾਸ਼ਟਰੀ ਐਸ ਸੀ ਕਮੀਸ਼ਨ ਦੇ ਚੈਅਰਮੈਨ ਵਿਜੈ ਸਾਂਪਲਾ ਪਟਿਆਲਾ ਵਿਖੇ ਸਵਾਮੀ ਗਿਆਨਾਨੰਦ ਮਹਾਰਾਜ ਧਾਰਮਿਕ ਪ੍ਰੋਗ੍ਰਾਮ ਰਾਧਾ ਜਾਗਰਣ ਵਿਚ ਸ਼ਾਮਲ ਹੋਣ ਆਏ ਸਨ ਮੋਕੇ ਪਟਿਆਲਾ ਦੇ ਸਰਕਟ ਹਾਉਸ ਵਿਖੇ ਪੱਤਰਕਾਰਾਂ ਦੇ ਰੂਬਰੂ ਹੋਏ।

ਵਿਜੈ ਸਾਂਪਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਕੋਲ ਪੇਂਡੂ ਤੋਂ ਲੈ ਕੇ ਪੜਿਆਂ ਲਿਖਿਆਂ ਤੱਕ ਦੇ ਮਾਮਲੇ ਰਾਸ਼ਟਰੀ ਐਸ ਸੀ ਕਮੀਸ਼ਨ ਕੋਲ ਆਉਂਦੇ ਹਨ ਇਹ ਇੱਕ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿੱਚ ਐਸ ਸੀ ਬਹੁ ਗਿਣਤੀ ਵਿੱਚ ਹਨ ਜਿਸ ਕਾਰਣ ਜਿਆਦਾਤਰ ਮਾਮਲੇ ਪੰਜਾਬ ਨਾਲ ਸੰਬੰਧਤ ਹੁੰਦੇ ਹਨ।

ਵਿਜੈ ਸਾਂਪਲਾ ਨੇ ਪੰਜਾਬ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨਾਲ ਜੁੜੇ ਐਸ ਸੀ ਵਿਦਿਆਰਥੀਆਂ ਨਾਲ ਹੋਏ ਘੋਟਾਲੇ ਦਾ ਜਿਕਰ ਕਰਦਿਆਂ ਕਿਹਾ ਕਿ ਉਹਨਾਂ ਪੰਜਾਬ ਸਰਕਾਰ ਤੋਂ ਗਿਵ ਐਂਡ ਟੇਕਨ ਰਿਪੋਰਟ ਮੰਗੀ ਸੀ। ਜਿਸਤੋਂ ਪੰਜਾਬ ਚ ਚੋਣਾਂ ਹੋਣ ਕਾਰਣ ਉਹ ਮਾਮਲਾ ਲੰਬਿਤ ਹੋ ਗਿਆ ਸੀ ਪਰ ਹੁਣ ਦੁਬਾਰਾ ਉਸ ਮਾਮਲੇ ਦੀ ਉਹ ਸੁਣਵਾਈ ਕਰ ਰਹੇ ਹਨ। ਇੱਕ ਪਤੱਰਕਾਰ ਦੇ ਸਵਾਲ ਦੇ ਜਵਾਬ *ਚ ਵਿਜੈ ਸਾਂਪਲਾ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਕੰਮ ਕਰਦੇ ਸਾਬਕਾ ਆਈ ਆਈ ਐਸ ਦਲਿਤ ਅਧਿਕਾਰੀ ਹਰਮਿੰਦਰ ਸਿੰਘ ਖੋਖਰ ਦਾ ਮਾਮਲਾ ਉਹਨਾਂ ਕੋਲ ਆਇਆ ਸੀ ਅਤੇ ਉਹਨਾਂ ਨੇ ਯੂਨੀਵਰਸਿਟੀ ਨੂੰ ਤਾੜਣਾ ਕਰਦੇ ਹੋਏ ਉਸਦੇ ਸਾਰੇ ਬਕਾਏ ਅਤੇ ਤਰੱਕੀ ਦੇਣ ਦੇ ਹੁਕਮ ਦਿਤੇ ਸਨ ਪਰ ਫਿਰ ਵੀ ਜੇ ਪੰਜਾਬੀ ਯੂਨੀਵਰਸਿਟੀ ਨੇ ਰਾਸ਼ਟਰੀ ਐਸ ਸੀ ਕਮੀਸ਼ਨ ਦਾ ਹੁਕਮ ਨਹੀਂ ਮਨਿੰਆ ਤਾਂ ਹਰਮਿੰਦਰ ਸਿੰਘ ਖੋਖਰ ਦੁਬਾਰਾ ਐਸ ਸੀ ਕਮੀਸ਼ਨ ਦਾ ਦਰਵਾਜਾ ਖੜਕਾ ਸਕਦੇ ਹਨ। ਮੁਹਾਲੀ ਹੋਏ ਗ੍ਰੇਨੇਡ ਧਮਾਕੇ ਬਾਰੇ ਉਹਨਾਂ ਨੇ ਭਾਰਤੀ ਜਨਤਾ ਪਾਰਟੀ ਦੀ ਬਜਾਏ ਆਪਣੇ ਨਿੱਜੀ ਤੋਰ *ਤੇ ਚਿੰਤਾ ਜਾਹਿਰ ਕੀਤੀ ਅਤੇ ਕਿਹਾ ਕਿ ਪੰਜਾਬ *ਚ ਆਮ ਆਦਮੀ ਪਾਰਟੀ ਨੂੰ ਅਮਨ ਕਾਨੂੰਨ ਬਣਾ ਕੇ ਰਖਣਾ ਚਾਹੀਦਾ ਹੈ ਜਿਸਤੇ ਉਹ ਫੇਲ ਸਾਬਿਤ ਹੋਈ ਹੈ।

**ਪੇਂਡੂ ਤੋਂ ਲੈ ਕੇ ਪੜਿਆਂ ਲਿਖਿਆਂ ਤੱਕ ਦੇ ਮਾਮਲੇ ਰਾਸ਼ਟਰੀ ਐਸ ਸੀ ਕਮੀਸ਼ਨ ਕੋਲ ਆਉਂਦੇ ਹਨ ਇਹ ਇੱਕ ਚਿੰਤਾ ਦਾ ਵਿਸ਼ਾ**

# ਡਿਪਟੀ ਕਮਿਸਨਰ ਵੱਲੋਂ ਸਕੂਲ ਮੁਖੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ 12 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਕਰਨ ਦੀ ਅਪੀਲ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

12 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਦੇ ਟੀਕਾਕਰਨ ਦੇ ਸਬੰਧ ਵਿੱਚ, ਡਿਪਟੀ ਕਮਿਸਨਰ ਲੁਧਿਆਣਾ ਨੇ ਅੱਜ ਸਾਰੇ ਵੱਡੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਤਾਂ ਜੋ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ ਤਾਂ ਜੋ ਅਸੀਂ ਕੋਵਿਡ 19 ਨੂੰ ਖਤਮ ਕਰ ਸਕੀਏ।


ਇਹ ਮੀਟਿੰਗ ਡੀਸੀ ਦਫਤਰ ਵਿੱਚ ਹੋਈ ਅਤੇ ਇਸ ਵਿੱਚ ਏਡੀਸੀ ਜਗਰਾਉਂ-ਕਮ-ਨੋਡਲ ਅਫਸਰ (ਟੀਕਾਕਰਨ) ਡਾਃ ਨਯਨ ਜੱਸਲ, ਡੀਆਈਓ ਡਾਃ ਮਨੀਸਾ, ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀ, ਪ੍ਰਾਈਵੇਟ ਸਕੂਲਜ ਯੂਨੀਅਨ ਦੇ ਨੁਮਾਇੰਦਿਆਂ ਤੋਂ ਇਲਾਵਾ ਹੋਰ ਵੀ ਕਈ ਲੋਕ ਹਾਜਰ ਸਨ।

ਅੱਜ ਹੋਈ ਮੀਟਿੰਗ ਦੌਰਾਨ ਡੀਸੀ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਕਿਉਂਕਿ ਟੀਕਾਕਰਨ ਕੋਵਿਡ ਨਾਲ ਲੜਨ ਵਿੱਚ ਮਦਦ ਕਰਦਾ ਹੈ, ਭਾਵੇਂ ਕੋਈ ਇਨਫੈਕਟਿਡ ਹੋ ਜਾਵੇ। ਉਨ੍ਹਾਂ ਕਿਹਾ ਕਿ ਸਮਾਜ ਦੇ ਵਡੇਰੇ ਹਿੱਤ ਵਿੱਚ ਅਤੇ ਸਾਡੇ ਬੱਚੇ ਸੁਰੱਖਿਅਤ ਰਹਿਣ ਨੂੰ ਯਕੀਨੀ ਬਣਾਉਣ ਲਈ ਮਾਪੇ ਆਪਣੇ ਬੱਚਿਆਂ ਨੂੰ ਜਲਦੀ ਤੋਂ ਜਲਦੀ ਟੀਕਾਕਰਨ ਕਰਵਾਉਣ। ਉਨ੍ਹਾਂ ਸਮੂਹ ਸਕੂਲਾਂ ਅਤੇ ਮਾਪਿਆਂ ਦੀਆਂ ਐਸੋਸੀਏਸਨਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਸੁਰੱਖਿਆ ਅਤੇ ਚੰਗੀ ਸਿਹਤ ਲਈ ਟੀਕਾਕਰਨ ਜਰੂਰ ਕਰਵਾਉਣ। ਉਸਨੇ 18 ਸਾਲ ਤੋਂ ਵੱਧ ਦੀ ਆਬਾਦੀ ਨੂੰ ਵੀ ਅਪੀਲ ਕੀਤੀ ਕਿ ਜੇਕਰ ਇਹ ਅਜੇ ਵੀ ਲੰਬਿਤ ਹੈ ਤਾਂ ਉਨ੍ਹਾਂ ਦੀ ਦੂਜੀ ਖੁਰਾਕ ਨਾਲ ਟੀਕਾਕਰਨ ਕਰਵਾਉਣ। ਸਕੂਲਾਂ ਨੂੰ ਸਿਹਤ ਵਿਭਾਗ ਵੱਲੋਂ ਆਪਣੇ ਕੈਂਪਸ ਵਿੱਚ ਆਉਣ ਵਾਲੇ ਕਿਸੇ ਵੀ ਦਿਨ ਅਤੇ ਲੋੜ ਪੈਣ ‘ਤੇ ਛੁੱਟੀਆਂ ਦੌਰਾਨ ਵੀ ਵਿਸੇਸ ਟੀਕਾਕਰਨ ਕੈਂਪ ਲਗਾਉਣ ਦਾ ਵਿਕਲਪ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ ਕਿ 12 ਸਾਲ ਤੋਂ ਵੱਧ ਉਮਰ ਦੇ ਵੱਧ ਤੋਂ ਵੱਧ ਬੱਚਿਆਂ ਨੂੰ ਕਵਰ ਕਰਨ ਲਈ ਸਕੂਲਾਂ ਵਿੱਚ ਪਹਿਲਾਂ ਹੀ ਵਿਸੇਸ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜੇਕਰ ਬੱਚੇ ਟੀਕਾਕਰਨ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਕਿਸੇ ਹੋਰ ਕੈਂਪ ਵਿੱਚ ਵੀ ਜਾ ਸਕਦੇ ਹਨ।

Website : www.lokbani.com
lokbani08@gmail.com

# ਪੁਸਤਕ ਰਿਵਿਊ






ˆਪੈਗ਼ਬੰਰਾਂ ਦੇ ਬੂਹੇ ਕਿਤਾਬ ਜੋ ਕਿ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਜਲਦੀ ਹੀ ਲੇਖਕਾ ਰਾਜ ਕੌਰ ਵੱਲੋਂ ਪਾਈ ਜਾ ਰਹੀ ਹੈ ਉਸ ਦਾ ਖਰੜਾ ਪੜ੍ਹਣ ਨੂੰ ਮਿਲਿਆ ਜਿਸ ਦੀ ਹਰੇਕ ਕਵਿਤਾ ਦਿਲ ਨੂੰ ਛੂਹਣ ਵਾਲੀ ਹੈ। ਸਾਰੀਆਂ ਰਚਨਾਵਾਂ ਵਿੱਚ ਕੁੱਝ ਧਾਰਮਿਕ ਪੱਖ ਨੂੰ ਮੱਦੇ ਨਜ਼ਰ ਰੱਖ ਕੇ ਲਿਖੀਆਂ ਗਈਆਂ ਹਨ ਅਤੇ ਲੇਖਕਾ ਵੱਲੋਂ ਕੁੱਝ ਸਮਾਜਿਕ ਦਰਪੇਸ਼ ਆਉਂਦੀਆਂ ਦਿੱਕਤਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।ਇਸ ਦੇ ਨਾਲ ਹੀ ਲੇਖਕਾ ਵਲੋਂ ਬਹੁਤ ਹੀ ਬਾਖੂਬੀ ਨਾਲ ਆਮ ਲੋਕਾਂ ਦੇ ਦੁੱਖ ਦਰਦ ਨੂੰ ਬੜੇ ਨਿਵੇਕਲੇ ਢੰਗ ਨਾਲ ਰਚਨਾ ਦੇ ਰੂਪ ਵਿੱਚ ਲੋਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਇੱਥੇ ਇਹ ਗੱਲ ਕਰਦੇ ਮੈਂ ਮਾਣ ਸਹਿਸੂਸ ਕਰਦਾ ਹਾਂ ਕਿ ਭਾਵੇਂ ਰਾਜ ਕੌਰ ਵੀਲ ਚੇਅਰ ਤੇ ਰਹਿੰਦੇ ਹਨ ਪਰ ਉਨ੍ਹਾਂ ਦੀ ਸੋਚ ਪਲਾਂ ਵਿੱਚ ਹੀ ਕਈ ਮੰਜਿਲਾਂ ਤਹਿ ਕਰ ਜਾਂਦੀ ਹੈ ਜਿੱਥੇ ਤੱਕ ਆਮ ਬੰਦੇ ਦਾ ਪਹੁੰਚਣਾ ਵੀ ਕਾਫ਼ੀ ਅਸੰਭਵ ਹੁੰਦਾ ਹੈ। ਇਸ ਗੱਲ ਦਾ ਅੰਦਾਜ਼ਾ ਉਨ੍ਹਾਂ ਦੇ ਪੰਜਾਬੀ ਸਾਹਿਤ ਅਤੇ ਗੁਰਬਾਣੀ ਨਾਲ ਪ੍ਰੇਮ ਹੋਣ ਦਾ ਪ੍ਰਮਾਣ ਹੈ, ਕਿਉਂ ਉਹ ਇਸ ਕਿਤਾਬ ਤੋਂ ਪਹਿਲਾਂ ਵੀ ਤਿੰਨ ਹੋਰ ਕਿਤਾਬਾਂ ਲਿਖ ਚੁੱਕੇ ਹਨ ਜਿਨ੍ਹਾਂ ਵਿੱਚ ਲੜੀ ਵਾਰ ਕਿਤਾਬਾਂ ˆਜਜ਼ਬਾਤ ਦਾ ਆਲ੍ਹਣਾˆ, ਓਥੋਂ , ˆਸਿਰਹਾਣੇ ਪਏ ਸੁਪਨੇˆ ਜ਼ੋ ਕਿ ਇੱਕ ਕਹਾਣੀ ਸੰਗ੍ਰਹਿ ਸੀ ਅਤੇ ਹੁਣ ਚੌਥੀ ਕਿਤਾਬ ਜੋ ਪੰਜਾਬੀ ਸਾਹਿਤ ਦੀ ਝੋਲੀ ਪਾਈ ਜਾ ਰਹੀ ਹੈ ਉਸ ਦਾ ਨਾਮ ˆਪੈਗ਼ੰਬਰਾਂ ਦੇ ਬੂਹੇ ਜਿਸ ਦਾ ਮੁੱਖ ਬੰਦ ਭੂਮਿਕਾ ਪਾਕਿਸਤਾਨ ਦੇ ਮਸ਼ਹੂਰ ਪ੍ਰੋਫੈਸਰ ਸਈਦ ਅਹਿਮਦ ਲਿਖ ਰਹੇ ਹਨ ਜ਼ੋ ਕਿ ਇਕ ਮਾਣ ਮਹਿਸੂਸ ਕਰਨ ਵਾਲੀ ਗੱਲ ਹੈ। ਜਿਸ ਤੋਂ ਸਾਫ਼ ਜਾਹਿਰ ਹੁੰਦਾ ਹੈ ਕਿ ਰਾਜ ਕੌਰ ਜੀ ਪੰਜਾਬੀ ਸਾਹਿਤ ਜਗਤ ਵਿੱਚ ਕਿਸੇ ਵੀ ਜਾਣ ਪਹਿਚਾਣ ਦੀ ਜੋ ਮੁਹਤਾਜ ਨਹੀਂ ਹੈ।

ਮੈਂ ਆਸ ਕਰਦਾ ਹਾਂ ਅਤੇ ਨਾਲ ਹੀ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲਿਆਂ ਨੂੰ ਬੇਨਤੀ ਵੀ ਕਰਦਾ ਹਾਂ ਕਿ ਇਸ ਕਿਤਾਬ ਨੂੰ ਤੁਸੀਂ ਪਹਿਲੀਆਂ ਕਿਤਾਬਾਂ ਵਾਂਗ ਹੀ ਭਰਵਾਂ ਹੁੰਘਾਰਾ ਦੇਵੋਗੇ ਤਾਂ ਜ਼ੋ ਲੇਖਕਾ ਰਾਜ ਕੌਰ ਜੀ ਦਾ ਹੌਸਲਾ ਹੋਰ ਵੀ ਬੁਲੰਦ ਹੋ ਸਕੇ ਅਤੇ ਸਾਡੇ ਸਮਾਜ ਨੂੰ ਅਜਿਹੀਆਂ ਸੇਧ ਦੇਣ ਵਾਲੀਆਂ ਅਤੇ ਉਸ ਕਾਦਰ ਦੀ ਵਡਿਆਈ ਕਰਦੀਆਂ ਹੋਰ ਪੁਸਤਕਾਂ ਲਿਖਦੇ ਰਹਿਣ ਜੀ। ਇਸ ਦੇ ਨਾਲ ਹੀ ਮੈਂ ਆਪ ਜੀ ਨੂੰ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਕਿਤਾਬ ਨੂੰ ਵੱਧ ਤੋਂ ਵੱਧ ਖਰੀਦ ਕੇ ਪੜ੍ਹਿਆ ਜਾਵੇ ਤਾਂ ਜ਼ੋ ਲੇਖਕਾ ਨੂੰ ਹੋਰ ਵੀ ਉਤਸਾਹ ਮਿਲ ਸਕੇ।

**ਆਮੀਨ**

**ਵਿਨੋਦ ਫ਼ਕੀਰਾ,ਸਟੇਟ ਐਵਾਰਡੀ,**
**ਵਿਨੋਦ ਕੁਮਾਰ ਵਾਲੀ ਗਲੀ।**
**ਆਰੀਆ ਨਗਰ, ਕਰਤਾਰਪੁਰ,**
**ਜਲੰਧਰ।**
**ਮੋ.098721 97326**

**ਲੇਖਕਾ ਰਾਜ ਕੌਰ**

## ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਪੀ ਜੀ ਵਿਚ ਰਹਿ ਰਹੇ ਸਟੂਡੈਂਟਸ ਦੀ ਪਟਿਆਲਾ ਪੁਲਿਸ ਦੇ ਦੁਆਰਾ ਕੀਤੀ ਗਈ ਚੈਕਿੰਗ

**ਪਟਿਆਲਾ/ਇਕਬਾਲ ਸਿੰਘ**

ਪੰਜਾਬੀ ਯੂਨੀਵਰਸਿਟੀ ਦੇ ਬਾਹਰ ਜਿਹੜੀ ਪੀ ਜੀ ਵਿਚ ਨੌਜਵਾਨ ਰਹਿੰਦੇ ਹਨ ਉਹਨਾਂ ਦੀ ਪੰਜਾਬ ਪੁਲਿਸ ਵੱਲੋਂ ਬੀਤੇ ਦਿਨ ਚੈਕਿੰਗ ਕੀਤੀ ਗਈ ਅਤੇ ਪੰਜਾਬ ਪੁਲਸ ਵੱਲੋਂ ਕਿਹਾ ਗਿਆ ਕੇ ਵਧ ਰਹੀਆਂ ਘਟਨਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਵੱਲੋਂ ਚੈਕਿੰਗ ਕੀਤੀ ਗਈ। ਤਾਂਕਿ ਕਿਸੇ ਪੀ ਜੀ ਵਿਚ ਕੋਈ ਵੀ ਅਪਰਾਧਿਕ ਵਿਅਕਤੀ ਨਾ ਰਹਿੰਦਾ ਹੋਵੇ ਤੇ ਹਰ ਇਕ ਵਿਅਕਤੀ ਦੇ ਕਾਗਜ ਦਸਤਾਵੇਜ ਚੈੱਕ ਕਰਾਉਣ ਤੋਂ ਬਾਅਦ ਹੀ ਉਹ ਪੀਲੀ ਵਿੱਚ ਰਹਿ ਸਕਦੇ ਹਨ ਤਾਂ ਕਿ ਕੋਈ ਵੀ ਕਿਸੇ ਪ੍ਰਕਾਰ ਦੀ ਵੀ ਲਾਪਰਵਾਹੀ ਨਾ ਵਰਤੀ ਜਾਵੇ। ਕਿ ਕੋਈ ਵੀ ਭਿਆਨਕ ਘਟਨਾਵਾਂ ਨਾ ਹੋ ਸਕੇ ਇਸ ਕਰਕੇ ਉਨ੍ਹਾਂ ਵੱਲੋਂ ਇਹ ਚੈਕਿੰਗ ਕੀਤੀ ਗਈ। ਜਿਸ ਕਰਕੇ ਹਰ ਇਕ ਪੀ ਜੀ ਦੇ ਹਰ ਇਕ ਨੌਜਵਾਨਾਂ ਦੀ ਚੈਕਿੰਗ ਕੀਤੀ ਗਈ।

# ਭਾਰਤ ਦੇ ਐਸਐਮਬੀ ਦੇ ਡਿਜੀਟਾਈਜੇਸਨ ‘ਚ ਤੇਜੀ ਲਿਆਉਣ ਲਈ ਏਡਬਲਿਊਐਸ ਨੇ ਐਸਐਮਬੀ ਸਕੂਲ ਲਾਂਚ ਕੀਤਾ

**ਚੰਡੀਗੜ੍ਹ/ਲੋਕ ਬਾਣੀ**

ਅੱਜ ਅਮੇਜੋਨ ਵੈਬ ਸਰਵਿਸੇਜ (ਏਡਬਲਿਊਐਸ) ਨੇ ਐਸਐਮਬੀ ਸਕੂਲ ਦੇ ਲਾਂਚ ਦਾ ਐਲਾਨ ਕੀਤਾ ਜਿਹੜਾ ਛੋਟੇ ਅਤੇ ਮੱਧਮ ਵਪਾਰਾਂ ਦੇ ਲਈ ਏਡਬਲਿਊਐਸ ਕਲਾਊਡ ਦੇ ਮਾਧਿਅਮ ਨਾਲ ਆਪਣੇ ਸੰਗਠਨ ਅਤੇ ਪੇਸਕਸਾਂ ਨੂੰ ਡਿਜੀਟਾਈਜ ਕਰਨ ‘ਚ ਮਦਦ ਕਰਨ ਵਾਲਾ ਇੱਕ ਵਿਆਪਕ ਟੈਕਨੋਲਾਜੀ ਅਪਸਕਿਲੰਗ ਪ੍ਰੋਗਰਾਮ ਹੈ . ਐਸਐਮਬੀ ਸਕੂਲ ‘ਚ ਖਾਸ ਤੌਰ ‘ਤੇ ‘ਤੇ ਐਸਐਮਬੀ ਦੇ ਲਈ 50 ਨਾਲੋਂ ਜਿਆਦਾ ਟੈਕਨੋਲਾਜੀ ਐਜੁਕੇਸਨ ਮਾਡਯੂਲ ਅਤੇ ਦੇਸ ‘ਚ ਵਪਾਰਕ ਵਾਧਾ ਲਿਆਉਣ ਲਈ ਉਨ੍ਹਾਂ ਨੂੰ ਉਪਲਬਧ ਮੌਕੇ ਹੋਣਗੇ . ਏਡਬਲਿਊਐਸ ਨੇ ਅਮੇਜੋਨ ਡਿਜੀਟਲ ਸੂਟ ਦਾ ਵਿਸਥਾਰ ਕੀਤੇ ਜਾਣ ਦਾ ਐਲਾਨ ਵੀ ਕੀਤਾ ਜਿਹੜਾ ਸਥਾਨਕ ਥਰਡ ਪਾਰਟੀ ਟੈਕਨੋਲਾਜੀ ਪ੍ਰਦਾਤਾਵਾਂ ਦੇ ਨਾਲ ਵਿਕਸਿਤ ਕੀਤਾ ਗਿਆ ਸਾਫਟਵੇਅਰ ਸਮਾਧਾਨਾਂ ਦਾ ਸੰਗ੍ਰਹਿ ਹੈ ਅਤੇ ਭਾਰਤ ਦੇ ਐਸਐਮਬੀ ਨੂੰ ਜਿਆਦਾ ਤੇਜੀ ਅਤੇ ਜਿਆਦਾ ਅਸਾਨੀ ਨਾਲ ਆਪਣੇ ਆਪਰੇਸੰਜ ਡਿਜੀਟਾਈਜ ਕਰਨ ਅਤੇ ਆਪਣੇ ਵਪਾਰ ਨੂੰ ਇੰਟਰਨੈਟ ‘ਤੇ ਲੈ ਜਾਣ ‘ਚ ਸਮਰੱਥ ਬਣਾਉਂਦਾ ਹੈ . ਏਡਬਲਿਊਐਸ ਨੇ ਇਹ ਐਲਾਨ ਅਮੇਜੋਨ ਦੀ ਸਲਾਨਾਂ ਅਮੇਜੋਨ ਸੰਭਵ ਸਮਿਟ ‘ਚ ਕੀਤੀ ਜਿਹੜੀ ਅਮੇਜੋਨ ਦੀ ਫਲੈਗਸ਼?ਪ ਸਲਾਨਾਂ ਸਮਿਟ ਹੈ।

ਐਸਐਮਬੀ ਸਕੂਲ ਇੱਕ ਹਾਈਬ੍ਰਿਡ ਟ੍ਰੇਨਿੰਗ ਮਾਡਲ ਨਾਲ ਐਸਐਮਬੀ ਨੂੰ ਉਪਲਬਧ ਹੈ ਜਿਸ ‘ਚ ਆਨਲਾਈਨ ਅਤੇ ਆਫਲਾਈਨ ਇਨ-ਪਰਸਨ ਚੈਨਲ ਸਾਮਲ ਹਨ . ਏਡਬਲਿਊਐਸ ਐਸਐਮਬੀ-ਫੋਕਸਡ ਸੰਗਠਨਾਂ ਜਿਵੇਂ ਵਰਲਡ ਐਸੋਸਿਏਸਨ ਫਾਰ ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜੇਸ (ਵਸਮਿ) ਦੇ ਨਾਲ ਕੰਮ ਕਰ ਰਿਹਾ ਹੈ ਜਿਹੜਾ ਡਾਊਨਲੋਡ ਕੀਤੇ ਜਾਣ ਵਾਲੇ ਪ੍ਰੋਡਕਟ ਬ੍ਰੋਚਰ ਸਿੱਖਿਅਕ ਕੋਰਸ ਵੀਡਿਓ ਅਤੇ ਵੇਬਿਨਾਰਸ ਦੇ ਮਾਧਿਅਮ ਨਾਲ ਪੂਰੇ ਭਾਰਤ ‘ਚ ਐਸਐਮਬੀ ਦੇ ਵਿਚਕਾਰ ਪ੍ਰੋਗਰਾਮ ਦੇ ਬਾਰੇ ‘ਚ ਜਾਗਰੁਕਤਾ ਲਿਆਉਣ ‘ਚ ਮਦਦ ਕਰੇਗਾ . ਏਡਬਲਿਊਐਸ ਸਥਾਨਕ ਪ੍ਰੋਫੈਸਨਲਸ ਨੂੰ ਏਡਬਲਿਊਐਸ ਪ੍ਰੋਡਕਟ ਟ੍ਰੇਨਿੰਗ ਅਤੇ ਕੋਰਸਵੇਅਰ ਵੀ ਪ੍ਰਦਾਨ ਕਰੇਗਾ .

ਪੁਨੀਤ ਚੰਡੋਕ ਪ੍ਰੈਜੀਡੈਂਟ ਕਮਰਸੀਅਲ ਬਿਜਨਸ ਏਡਬਲਿਊਐਸ ਇੰਡੀਆ ਅਤੇ ਸਾਊਥ ਏਸੀਆ ਏਆਈਐਸਪੀਐਲ ਨੇ ਕਿਹਾ ‘ਅਸੀਂ ਭਾਰਤ ‘ਚ ਐਸਐਮਬੀ ਦਾ ਡਿਜੀਟਲ ਸਫਰ ਅੱਗੇ ਵਧਾਉਣ ਦੇ ਲਈ ਵਚਨਬੱਧ ਹਾਂ .‘ ਉਨ੍ਹਾਂ ਨੇ ਕਿਹਾ ‘ਕਲਾਊਡ ਐਜੁਕੇਸਨ ਭਾਰਤ ਦੇ ਵਿਸਾਲ ਅਤੇ ਵਿਸਤਰਿਤ ਐਸਐਮਬੀ ਬਜਾਰ ਦੀ ਸਫਲਤਾ ਦੀ ਕੂੰਜੀ ਹੈ ਅਤੇ ਐਸਐਮਬੀ ਸਕੂਲ ਐਸਐਮਬੀ ਨੂੰ ਡਿਜੀਟਲ ਬਦਲਾਅ ਦੇ ਵਪਾਰਕ ਲਾਭ ਸਮਝਾਉਣ ‘ਚ ਮਦਦ ਕਰਨਗੇ ਅਤੇ ਏਡਬਿਲਊਐਸ ਅਤੇ ਸਾਡੇ ਪਾਰਟਨਰਾਂ ਦੇ ਨਾਲ ਤੇਜ ਸੰਚਾਲਨ ਸੰਭਵ ਬਣਾਉਣਗੇ . ਐਸਐਮਬੀ ਸਕੂਲ ਇੱਕ ਵਿਆਪਕ ਸਿੱਖਿਅਕ ਪ੍ਰੋਗਰਾਮ ਹੈ ਜਿਹੜਾ ਐਸਐਮਬੀ ਦੀਆਂ ਵਿਭਿੰਨ ਤਰ੍ਹਾਂ ਦੀਆਂ ਡਿਜੀਟਲ ਜਰੂਰਤਾਂ ਨੂੰ ਸੰਬੋਧਿਤ ਕਰਦਾ ਹੈ ਅਤੇ ਦੇਸ ‘ਚ ਫੈਲੀ ਐਸਐਮਬੀ ਨੂੰ ਟੈਕਨੋਲਾਜੀ ਅਡਾਪਸਨ ਅਤੇ ਕਲਾਊਡ ਸਕਿਲਸ ਵਧਾਉਣ ‘ਚ ਮਦਦ ਕਰਦਾ ਹੈ .

ਸੰਜੀਵ ਲਾਯਕ ਐਗਜੀਕਿਊਟਿਵ ਸਕੱਤਰ ਵਾਸਮੀ ਨੇ ਕਿਹਾ ‘ਅਸੀਂ ਕੋਵਿਡ-19 ਦੇ ਦੌਰਾਨ ਪਿਛਲੇ ਦੋ ਸਾਲਾਂ ਤੋਂ ਭਾਰਤ ਦੀ ਐਸਐਮਬੀ ਨੂੰ ਸਪੋਰਟ ਕਰ ਰਹੇ ਹਾਂ ਅਤੇ ਸਾਨੂੰ ਪਤਾ ਲੱਗਿਆ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਬਣੇ ਰਹਿਣ ਬਹਾਲ ਹੋਣ ਅਤੇ ਆਪਣੇ ਵਪਾਰ ਦਾ ਵਿਸਥਾਰ ਕਰਨ ਦੇ ਲਈ ਡਿਜੀਟਾਈਜੇਸਨ ਬਹੁਤ ਜਰੂਰੀ ਹੈ . ਉਨ੍ਹਾਂ ਨੇ ਕਿਹਾ ਐਸਐਮਬੀ ਸਕੂਨ ਭਾਰਤ ਦੀ ਐਸਐਮਬੀ ਨੂੰ ਤੇਜੀ ਨਾਲ ਡਿਜੀਟਾਈਜ ਹੋਣ ਦੇ ਲਈ ਜਰੂਰੀ ਕੌਸਲ ਪ੍ਰਾਪਤ ਕਰਨ ਦਾ ਮੌਕਾ ਦਿੰਦਾ ਹੈ ਤਾਂ ਕਿ ਉਹ ਏਡਬਲਿਊਐਸ ਅਤੇ ਕਲਾਊਡ ਕੰਪਿਊਟਿੰਗ ਦੀ ਬਦਲਾਅਕਾਰੀ ਸਕਤੀ ਦਾ ਉਪਯੋਗ ਕਰਕੇ ਆਪਣੇ ਗ੍ਰਾਹਕਾਂ ਨੂੰ ਬਿਹਤਰ ਸੇਵਾਵਾਂ ਦੇ ਸਕਣ .

ਅਮੇਜੋਨ ਸੰਭਵ ਸਮਿਟ 2021 ‘ਚ ਲਾਂਚ ਕੀਤੇ ਗਏ ਅਮੇਜੋਨ ਡਿਜੀਟਲ ਸੂਟ ‘ਚ ਸਰਲ ਸਾਫਟਵੇਅਰ ਸਮਾਧਾਨਾਂ ਦਾ ਸੰਗ੍ਰਹਿ ਹੈ ਜਿਹੜੇ ਭਾਰਤ ‘ਚ ਸਥਿੱਤ ਮੋਹਰੀ ਟੈਕਨੋਲਾਜੀ ਪਾਰਟਨਰਾਂ ਵੱਲੋਂ ਡਿਜਾਇਨ ਕੀਤੇ ਗਏ ਹਨ . ਇਨ੍ਹਾਂ ਦੀ ਵਰਤੋਂ ਕਰਕੇ ਐਸਐਮਬੀ ਆਪਣੇ ਆਪਰੇਸੰਜ ਨੂੰ ਤੇਜੀ ਨਾਲ ਅਤੇ ਅਸਾਨੀ ਨਾਲ ਡਿਜੀਟਾਈਜ ਕਰ ਸਕਦੇ ਹਨ . ਏਡਬਲਿਊਐਸ ‘ਤੇ ਚੱਲਣ ਵਾਲਾ ਇਹ ਸੂਟ ਸੱਤ ਅਮੇਜੋਨ ਟੈਕਨੋਲਾਜੀ ਪਾਰਟਨਰਾਂ ਵੱਲੋਂ ਅਕਾਊਂਟਿੰਗ ਕਸਟਮਰ ਸਪੋਰਟ ਅਤੇ ਮਨੱਖ ਸੰਸਾਧਨ ਆਦਿ ਖੇਤਰਾਂ ‘ਚ 27 ਨਾਲੋਂ ਜਿਆਦਾ ਐਸਐਮਬੀ ਵਿਸੇਸ ਸਮਾਧਾਨ ਪ੍ਰਦਾਨ ਕਰਦਾ ਹੈ . ਅੱਜ ਅਨੈਕ ਨਵੇਂ ਸਮਾਧਾਨ ਉਪਲਬਧ ਹਨ ਜਿਨ੍ਹਾਂ ‘ਚ ਟੈਲੀ ਇੰਟਰਪ੍ਰਾਈਜ ਰਿਸੋਰਸ ਪਲਾਨਿੰਗ (ਈਆਰਪੀ) ਕਵਿਕਹੀਲ ਐਂਟੀਵਾਇਰਸ ਐਮਸਵਾਈਪ ਇਨ ਬੰਡਲਡ ਸਮਾਧਾਨਾਂ ਦਾ ਵਿਸਥਾਰ ਕਰਕੇ ਉਪਯੋਗ ਦੇ ਨਵੇਂ ਤਰੀਕਿਆਂ ਜਿਵੇਂ ਡਿਫੈਕਟ ਡਿਟੈਕਸਨ ਅਤੇ ‘ਇਲੈਕਟ੍ਰੋਨਿਕ ਨੋ ਯੌਰ ਕਸਟਮਰ‘ (ਈਕੇਵਾਈਸੀ) ਸਾਮਲ ਕਰ ਰਿਹਾ ਹੈ ਤਾਂ ਕਿ ਮੈਨੂਫੈਕਚਰਿੰਗ ਫਾਈਨਾਂਸ ਰਿਟੇਲ ਅਤੇ ਪ੍ਰੋਫੈਸਨਲ ਸਰਵਿਸੇਜ ਦੇ ਸੈਕਟਰਾਂ ‘ਚ ਐਸਐਮਬੀ ਦੀਆਂ ਜਰੂਰਤਾਂ ਪੂਰੀਆਂ ਹੋ ਸਕਣ . ਏਡਬਲਿਊਐਸ ਨੇ ਅਮੇਜੋਨ ਡਿਜੀਟਲ ਸੂਟ ਪੋਰਟਫੋਲਿਓ ‘ਚ ਸਿਸਟਮ ਇੰਟੀਗ੍ਰੇਟਰ (ਐਸਆਈ) ਅਤੇ ਇੰਡੀਪੈਂਡੇਂਟ ਸਾਫਟਵੇਅਰ ਵੈਂਡਰ (ਆਈਐਸਵੀ) ਪਾਰਟਨਰਾਂ ਨੂੰ ਵੀ ਸਾਮਲ ਕੀਤਾ ਹੈ ਤਾਂ ਕਿ ਐਸਐਮਬੀ ਆਨ-ਡਿਮਾਂਡ ਐਜੁਕੇਸਨਲ ਵੀਡਿਓ ਅਤੇ ਅਮੇਜੋਨ ਡਿਜੀਟਲ ਸੂਟ ਦੇ ਹੋਰ ਸੰਸਾਧਨ ਅਤੇ ਏਡਬਲਿਊਐਸ ਬੰਡਲ ਨਵੇਂ ਅਪਡੇਟਡ ਏਡਬਲਿਊਐਸ ਇੰਡੀਆ ਐਸਐਮਬੀਹੱਬ ‘ਤੇ ਕਿਸੇ ਵੀ ਸਮੇਂ ਅਤੇ ਕਿਸੀ ਵੀ ਜਗ੍ਹਾ ਤੋਂ ਪ੍ਰਾਪਤ ਕਰ ਸਕਣ।

# ਇੰਟਰਐਕਟਿਵ ਵਰਕਸ਼ਾਪ ਦਾ ਆਯੋਜਨ ਕੀਤਾ

## ਬੱਚਤ ਭਵਨ ਵਿਖੇ ਲੁਧਿਆਣਾ ਦੀਆਂ ਉਦਯੋਗਿਕ ਐਸੋਸੀਏਸ਼ਨਾਂ/ਉਦਯੋਗਾਂ ਨਾਲ ਗੱਲਬਾਤ ਕੀਤੀ ਗਈ

**ਲੁਧਿਆਣਾ/ਸੁਖਚੈਨ ਮਹਿਰਾ , ਕਰਨ ਅਗਰਵਾਲ**

ਦੀਪਤੀ ਉੱਪਲ, ਆਈ.ਏ.ਐਸ, ਡਾਇਰੈਕਟਰ ਜਨਰਲ, ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ, ਸੁਰਭੀ ਮਲਿਕ, ਆਈ.ਏ.ਐਸ., ਡਿਪਟੀ ਕਮਿਸਨਰ, ਲੁਧਿਆਣਾ, ਰਾਜੇਸ ਤ੍ਰਿਪਾਠੀ, ਪੀ.ਸੀ.ਐਸ., ਵਧੀਕ ਮਿਸਨ ਡਾਇਰੈਕਟਰ, ਡੀ.ਈ.ਜੀ.ਐਸ.ਡੀ.ਟੀ., ਅਮਿਤ ਕੁਮਾਰ ਪੰਚਾਲ, ਏ.ਡੀ.ਸੀ., ਲੁਧਿਆਣਾ ਅਤੇ ਪੀ.ਐਸ.ਡੀ.ਐਮ. ਡੀਬੀਈਈ ਲੁਧਿਆਣਾ ਵੀ ਵਰਕਸਾਪ ਦਾ ਹਿੱਸਾ ਸਨ।




21 ਸਿਖਲਾਈ ਭਾਗੀਦਾਰਾਂ ਨਾਲ ਪਹਿਲੇ ਸੈਸਨ ਵਿੱਚ, ਕੁਮਾਰ ਰਾਹੁਲ, ਆਈ.ਏ.ਐਸ., ਸਕੱਤਰ, ਡੀ.ਈ.ਜੀ.ਐਸ.ਡੀ.ਟੀ. ਨੇ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦੀ ਕਾਰਗੁਜਾਰੀ ਅਤੇ ਪਲੇਸਮੈਂਟ ਪ੍ਰਗਤੀ ਦੀ ਡੂੰਘਾਈ ਨਾਲ ਸਮੀਖਿਆ ਕੀਤੀ। ਭਾਰਤ ਦੇ -, ਅਤੇ - ਜਿਸ ਲਈ ਪੰਜਾਬ ਰਾਜ ਵਿੱਚ ਨੋਡਲ ਲਾਗੂ ਕਰਨ ਵਾਲੀ ਏਜੰਸੀ ਹੈ।

ਇਸ ਸੈਸਨ ਵਿੱਚ ਟੀਪੀਜ ਦੁਆਰਾ ਦਰਪੇਸ ਮੁੱਦਿਆਂ ਦੇ ਜਵਾਬ ਦਿੱਤੇ ਗਏ ਅਤੇ ਸਿਖਲਾਈ ਭਾਗੀਦਾਰਾਂ ਦੁਆਰਾ ਬਿਹਤਰ ਕੰਮ ਕਰਨ ਅਤੇ ਤਾਲਮੇਲ ਲਈ ਵਿਚਾਰ ਸਾਂਝੇ ਕੀਤੇ ਗਏ। ਅਧਿਕਾਰੀਆਂ ਵੱਲੋਂ ਸਰਕਾਰ ਨੂੰ ਸਕੀਮਾਂ ਦੀ ਸਫਲਤਾ ਲਈ ਸੁਝਾਅ ਵੀ ਦਿੱਤੇ ਗਏ।

ਲੁਧਿਆਣਾ ਵਿੱਚ ਉਦਯੋਗ ਐਸੋਸੀਏਸਨਾਂ ਅਤੇ ਉਦਯੋਗਾਂ ਦੇ ਨਾਲ ਦੂਜੇ ਸੈਸਨ ਵਿੱਚ, ਉਹਨਾਂ ਨੂੰ ਅਪ੍ਰੈਂਟਿਸਸ?ਿਪ ਸਕੀਮ ਅਧੀਨ ਨੌਜਵਾਨਾਂ ਨੂੰ ਸਾਮਲ ਕਰਨ ਲਈ ਉਤਸਾਹਿਤ ਕਰਨ, ਹੁਨਰ ਵਿਕਾਸ ਵਿੱਚ ਸੀਐਸਆਰ ਨੂੰ ਸੱਦਾ ਦੇਣ, ਕੈਪਟਿਵ ਰੁਜਗਾਰ ਲਈ ਨਾਲ ਉਦਯੋਗਾਂ ਨੂੰ ਸੂਚੀਬੱਧ ਕਰਨ ਲਈ ਫੋਕਸ ਕੀਤਾ ਗਿਆ ਸੀ। ਉਦਯੋਗ ਆਪਣੀ ਫੀਡਬੈਕ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਲੋੜ ਅਨੁਸਾਰ ਨਵੇਂ ਕੋਰਸ ਸੁਰੂ ਕਰਨ ਵਿੱਚ ਕਾਫੀ ਅੱਗੇ ਸੀ। 4 ਉਦਯੋਗਿਕ ਐਸੋਸੀਏਸਨਾਂ ਅਰਥਾਤ ਆਟੋ ਪਾਰਟਸ ਮੈਨੂਫੈਕਚਰ ਐਸੋਸੀਏਸਨ ਆਫ ਇੰਡੀਆ ਨਾਲ ਐਮਓਯੂ 'ਤੇ ਹਸਤਾਖਰ ਕੀਤੇ ਗਏ ਸਨ; ਫੈਡਰੇਸਨ ਆਫ ਇੰਡਸਟਰੀਅਲ ਐਂਡ ਕਮਰਸੀਅਲ ਆਰਗੇਨਾਈਜੇਸਨ, ਲੁਧਿਆਣਾ; ਉਦਯੋਗਿਕ ਅਤੇ ਵਪਾਰਕ ਉੱਦਮਾਂ ਦਾ ਚੈਂਬਰ; ਯੂਨਾਈਟਿਡ ਸਾਈਕਲ ਅਤੇ ਪਾਰਟਸ ਨਿਰਮਾਤਾ ਐਸੋਸੀਏਸਨ, ਅਪ੍ਰੈਂਟਿਸਸ?ਿਪ ਸਿਖਲਾਈ ਨੂੰ ਸਾਬਤ ਕਰਨ ਲਈ ਵਚਨਬੱਧਤਾ ਪ੍ਰਤੀ ਲੁਧਿਆਣਾ।

ਰੋਜ਼ਾਨਾ ਲੋਕ ਬਾਣੀ

ਸਕੱਤਰ ਸਾਹਿਬ ਨੇ ਇਸ ਨੋਟ ਨਾਲ ਸਮਾਪਤੀ ਕੀਤੀ ਕਿ ਨੌਜਵਾਨਾਂ ਦਾ ਭਵਿੱਖ ਸਾਡੇ ਹੱਥਾਂ ਵਿੱਚ ਹੈ। ਉਨ੍ਹਾਂ ਯਕੀਨੀ ਬਣਾਇਆ ਕਿ ਮੁੱਖ ਫੋਕਸ ਨੌਜਵਾਨਾਂ ਲਈ ਢੁਕਵੀਂ ਲਾਮਬੰਦੀ ਅਤੇ ਚੰਗੀ ਪਲੇਸਮੈਂਟ 'ਤੇ ਹੋਣਾ ਚਾਹੀਦਾ ਹੈ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਰੁਜਗਾਰ ਦੇ ਬਿਹਤਰ ਮੌਕੇ ਪ੍ਰਦਾਨ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਰਾਹੀਂ ਭਵਿੱਖ ਦੇ ਸੁਧਾਰ ਲਈ ਕਦਮ ਚੁੱਕੇ ਜਾਣਗੇ। ਏ.ਡੀ.ਸੀ., ਲੁਧਿਆਣਾ ਨੇ ਸਾਰੇ ਹਿੱਸੇਦਾਰਾਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਭਵਿੱਖ ਵਿੱਚ ਅਜਿਹੀਆਂ ਹੋਰ ਮੀਟਿੰਗਾਂ ਕਰਨ ਨੂੰ ਯਕੀਨੀ ਬਣਾਇਆ ਅਤੇ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ।

ਕੁਮਾਰ ਰਾਹੁਲ ਨੇ ਆਪਣੀ ਟੀਮ ਦੇ ਨਾਲ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ, ਸਰਕਾਰ ਦਾ ਦੌਰਾ ਵੀ ਕੀਤਾ। ਆਈ.ਟੀ.ਆਈ., ਲੁਧਿਆਣਾ ਅਤੇ ਆਈ.ਵੀ.ਵਾਈ., ਦੁਗਰੀ ਨੇ ਹੁਨਰ ਕੇਂਦਰਾਂ ਦੇ ਰੋਜਾਨਾ ਦੇ ਕੰਮਕਾਜ ਦੀ ਜਾਂਚ ਕੀਤੀ ਅਤੇ ਕੁਝ ਸੁਧਾਰ ਕਰਨ ਦਾ ਸੁਝਾਅ ਦਿੱਤਾ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਰੁਜਗਾਰ ਯੋਗਤਾ ਵਿੱਚ ਵਾਧਾ ਕਰਨ ਲਈ ਮਿਆਰੀ ਸਿਖਲਾਈ ਦਿੱਤੀ ਜਾ ਸਕੇ।

# ਪੰਜਾਬ ਸਰਕਾਰ ਵਿਰਸੇ ਨੂੰ ਸੰਭਾਲਣ ਤੇ ਟੂਰਿਜ਼ਮ ਨੂੰ ਉਤਸ਼ਾਹਤ ਕਰਨ ਲਈ ਦ੍ਰਿੜ ਸੰਕਲਪ-ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ

**ਗੁਰਦਾਸਪੁਰ/ਨਵਨੀਤ ਕੁਮਾਰ**

ਛੋਟਾ ਘੱਲੂਘਾਰਾ ਸਮਾਰਕ, ਕਾਹਨੂੰਵਾਨ ਛੰਬ ਵਿਖੇ 17 ਮਈ 1746 ਨੂੰ ਯੁੱਧ ਵਿਚ ਸ਼ਹੀਦ ਹੋਏ ਕਰੀਬ 11 ਹਜ਼ਾਰ ਸਿੰਘਾਂ-ਸਿੰਘਣੀਆਂ ਅਤੇ ਯੋਧਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ੍ਰੀ ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਾਨੂੰਨੀ ਅਤੇ ਵਿਧਾਨਿਕ ਮਾਮਲੇ, ਖਾਣਾਂ ਅਤੇ ਭੂ-ਵਿਗਿਆਨ ਅਤੇ ਜੇਲ੍ਹ ਵਿਭਾਗ ਪੰਜਾਬ ਵਲੋਂ ਵਿਸ਼ੇਸ ਤੌਰ 'ਤੇ ਸ਼ਿਰਕਤ ਕਰਦਿਆਂ ਸ਼ਹੀਦਾਂ ਨੂੰ ਸਿਜਦਾ ਕੀਤਾ ਗਿਆ। ਇਸ ਮੌਕੇ ਸ੍ਰੀ ਅਮਨਸ਼ੇਰ ਸਿੰਘ ਸੈਰੀ ਕਲਸੀ, ਹਲਕਾ ਵਿਧਾਇਕ ਬਟਾਲਾ, ਐਡਵੋਕੈਟ ਅਮਰਪਾਲ ਸਿੰਘ ਹਲਕਾ ਵਿਧਾਇਕ ਕਾਦੀਆਂ, ਬਰਿੰਦਰਮੀਤ ਸਿੰਘ ਪਾਹੜਾ ਹਲਕਾ ਵਿਧਾਇਕ ਗੁਰਦਾਸਪੁਰ, ਜਨਾਬ ਮੁਹੰਮਦ ਇਸ਼ਫਾਕ ਡਿਪਟੀ ਕਮਿਸ਼ਨਰ ਗੁਰਦਾਸਪੁਰ, ਹਰਜੀਤ ਸਿੰਘ ਐਸ.ਐਸ.ਪੀ ਗੁਰਦਾਸਪੁਰ, ਅਮਨਦੀਪ ਕੋਰ ਐਸ.ਡੀ.ਐਮ ਗੁਰਦਾਸਪੁਰ, ਸ੍ਰੀ ਰਮਨ ਬਹਿਲ, ਐਡਵੋਕੈਟ ਜਗਰੂਪ ਸਿੰਘ ਸੇਖਵਾਂ, ਗੁਰਦੀਪ ਸਿੰਘ ਰੰਧਾਵਾ, ਸ. ਕਸ਼ਮੀਰ ਸਿੰਘ ਵਾਹਲਾ ਸਾਰੇ ਆਪ ਪਾਰਟੀ ਦੇ ਸੀਨੀਅਰ ਆਗੂ, ਤੇਜਿੰਦਰਪਾਲ ਸਿੰਘ ਸੰਧੂ, ਜਨਰਲ ਸਕੱਤਰ, ਜ਼ਿਲ੍ਹਾ ਹੈਰੀਟੇਜ ਸੁਸਾਇਟੀ (ਸਾਬਕਾ ਵਧੀਕ ਡਿਪਟੀ ਕਮਿਸਨਰ ਗੁਰਦਾਸਪੁਰ) ਤੇ ਸੰਗਤਾਂ ਮੌਜੂਦ।



ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਬੈਂਸ ਵਲੋਂ ਛੋਟਾ ਘੱਲੂਘਾਰਾ ਸਮਾਰਕ, ਕਾਹਨੂੰਵਾਨ ਛੰਬ ਵਿਖੇ 13 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਉਸਾਰੇ ਗਏ 15 ਕਿਲੋਵਾਟ ਦੇ ਸੋਲਰ ਪਲਾਂਟ ਅਤੇ ਨਵੀਂ ਖੋਲ੍ਹੀ ਗਈ ਲਾਇਬਰੇਰੀ ਦਾ ਉਦਘਾਟਨ ਕੀਤਾ। ਇਸ ਮੌਕੇ ਡਾ. ਮੋਹਿਤ ਮਹਾਜਨ ਚੇਅਰਮੈਨ ਗੋਲਡਨ ਗਰੁੱਪ ਆਫ ਇੰਸਟੀਚਿਊਟ ਗੁਰਦਾਸਪੁਰ ਵਲੋਂ ਛੋਟਾ ਘੱਲੂਘਾਰਾ ਸਮਾਰਕ, ਕਾਹਨੂੰਵਾਨ ਛੰਬ ਦੇ ਵਿਕਾਸ ਕਾਰਜਾਂ ਲਈ 1 ਲੱਖ ਰੁਪਏ ਦਾ ਚੈੱਕ ਭੇਂਟ ਕੀਤਾ।

ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵਿਰਸੇ ਨੂੰ ਸੰਭਾਲਣ ਅਤੇ ਟੂਰਿਜ਼ਮ ਨੂੰ ਪ੍ਰਮੋਟ ਕਰਨ ਲਈ ਦ੍ਰਿੜ ਸੰਕਲਪ ਹੈ ਅਤੇ ਗੁਰਦਾਸਪੁਰ ਜ਼ਿਲੇ ਅੰਦਰ ਸੈਰ-ਸਪਾਟਾ ਨੂੰ ਵਿਕਸਿਤ ਕਰਨ ਦੀਆਂ ਅਸੀਮ ਸੰਭਾਵਨਾਵਾਂ ਹਨ। ਉਨਾਂ ਕਿਹਾ ਕਿ ਅੱਜ ਉਹ, ਸ਼ਹੀਦਾਂ ਦੀ ਧਰਤੀ ਛੋਟਾ ਘੱਲੂਘਾਰਾ ਸਮਾਰਕ ਵਿਖੇ ਆਏ ਹਨ ਅਤੇ ਸ਼ਹੀਦਾਂ ਨੂੰ ਯਾਦ ਕਰਨ ਦਾ ਸੁਭਾਗ ਮਿਲਿਆ ਹੈ।

ਰੋਜ਼ਾਨਾ ਲੋਕ ਬਾਣੀ

ਕੈਬਨਿਟ ਮੰਤਰੀ ਸ੍ਰੀ ਬੈਂਸ ਨੇ ਅੱਗੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਸੂਬਾ ਸਰਕਾਰ ਵਲੋਂ ਲੋਕਹਿੱਤ ਲਈ ਵੱਡੇ ਇਤਿਹਾਸਕ ਫੈਸਲੇ ਲਏ ਗਏ ਹਨ ਅਤੇ ਸਮੂਹਿਕ ਸਹਿਯੋਗ ਤੇ ਯਤਨਾਂ ਨਾਲ ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾਵੇਗਾ। ਉਨਾਂ ਕਿਹਾ ਕਿ ਪੰਜਾਬ ਦੀ ਧਰਤੀ ਸੂਰਬੀਰ-ਯੋਧਿਆਂ ਦੀ ਧਰਤੀ ਹੈ ਅਤੇ ਇਥੇ ਮਹਾਰਾਜਾ ਰਣਜੀਤ ਸਿੰਘ ਵਰਗੇ ਮਹਾਨ ਸਪੂਤਾਂ ਨੇ ਪੰਜਾਬ ਦੀ ਧਰਤੀ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹੀ ਕੋਸ਼ਿਸ ਹੈ ਕਿ ਸੂਬੇ ਅੰਦਰ ਸਰਬਪੱਖੀ ਵਿਕਾਸ ਕਾਰਜਾਂ ਰਾਹੀਂ ਲੋਕਾਂ ਦੀ ਸੇਵਾ ਕੀਤੀ ਜਾਵੇ ਅਤੇ ਪੰਜਾਬ ਸੂਬੇ ਨੂੰ ਤਰੱਕੀ ਦੀ ਬੁਲੰਦੀਆਂ ਤਕ ਪਹੁੰਚਾਇਆ ਜਾਵੇ। ਇਸ ਮੌਕੇ ਉਨਾਂ ਜਿਲਾ ਪ੍ਰਸ਼ਾਸਨ ਗੁਰਦਾਸਪੁਰ ਨੂੰ ਵਿਸ਼ਵਾਸ਼ ਦਿਵਾਇਆ ਕਿ ਉਨਾਂ ਵਲੋਂ ਗੁਰਦਾਸਪੁਰ ਨੂੰ ਟੂਰਿਸਟ ਹੱਬ ਬਣਾਉਣ ਲਈ ਕੋਈ ਕੋਸ਼ਿਸ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਪ੍ਰਸ਼ਾਸਨ ਅਤੇ ਆਪ ਪਾਰਟੀ ਦੇ ਆਗੂ, ਜੋ ਵੀ ਸੇਵਾ ਲਾਉਣਗੇ, ਉਸਨੂੰ ਪੂਰਾ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੂਰਬੀਰ, ਯੋਧਿਆ ਤੇ ਸ਼ਹੀਦਾਂ ਦੀ ਪੇਟਿੰਗ ਤਿਆਰ ਕਰਵਾਈਆਂ ਜਾ ਰਹੀਆਂ ਹਨ, ਜਿਸ ਲਈ 54 ਲੱਖ ਰੁਪਏ ਦੀ ਗਰਾਂਟ ਮਨਜੂਰ ਕਰ ਦਿੱਤੀ ਗਈ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਗੁਰਦਾਸਪੁਰ ਦੀ ਧਰਤੀ ਯੋਧਿਆ ਤੇ ਸੰਤਾਂ ਦੀ ਧਰਤੀ ਹੈ ਤੇ ਦੇਸ਼ ਦੀ ਸੇਵਾ ਵਿਚ ਗੁਰਦਾਸਪੁਰ ਵਾਸੀਆਂ ਨੇ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨਾਂ ਕਿਹਾ ਕਿ ਜੋ ਕੋਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ, ਉਹ ਜਿੰਦਾ ਨਹੀਂ ਰਹਿੰਦੀਆਂ ਹਨ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਟੂਰਿਜ਼ਮ ਨੂੰ ਆਰਥਿਕਤਾ ਦੀ ਨਜ਼ਰ ਤੋਂ ਵੇਖਦਿਆਂ ਕਿਹਾ ਕਿ ਟੂਰਿਜ਼ਮ ਨੂੰ ਵਿਕਸਿਤ ਕਰਨ ਦੇ ਨਾਲ-ਨਾਲ ਜ਼ਿਲੇ ਅੰਦਰ ਆਰਥਿਕਤਾ ਨੂੰ ਵੀ ਬਹੁਤ ਵੱਡਾ ਹੁਲਾਰਾ ਮਿਲੇਗਾ ਅਤੇ ਸੈਲਾਨੀਆਂ ਦੇ ਆਉਣ ਨਾਲ ਰੋਜਗਾਰ ਦਾ ਖੇਤਰ ਵੀ ਵਧੇਗਾ। ਉਨਾਂ ਅੱਗੇ ਕਿਹਾ ਕਿ ਗੁਰਦਾਸਪੁਰ ਦੀ ਧਰਤੀ ਸ਼ਹੀਦਾਂ ਦੀ ਧਰਤੀ ਹੈ ਤੇ ਦੇਸ਼ ਦੇ ਖਾਤਰ ਗੁਰਦਾਸਪੁਰ ਵਾਸੀਆਂ ਵਲੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਹਨ ਅਤੇ ਇਥੇ ਸੈਨਿਕ ਸਕੂਲ ਖੋਲ੍ਹਣ ਦੀ ਵੱਡੀ ਲੋੜ ਹੈ ਤਾਂ ਨੋਜਵਾਨ ਦੇਸ਼ ਦੀ ਸੇਵਾ ਵਿਚ ਆਪਣਾ ਯੋਗਦਾਨ ਪਾ ਸਕਣ।

ਉਨਾਂ ਅੱਗੇ ਕਿਹਾ ਕਿ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਛੰਬ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਹੋਮ ਥੀਏਟਰ, ਲਾਇਬ੍ਰੇਰੀ ਤੇ ਸਾਰਾਗੜ੍ਹੀ ਸ਼ਹੀਦਾਂ ਦੀ ਗੈਲਰੀ ਸਥਾਪਤ ਕੀਤੀ ਗਈ ਹੈ। ਉਨਾਂ ਕਿਹਾ ਕਿ ਜਿਲਾ ਪ੍ਰਸ਼ਾਸਨ ਵਲੋਂ ਜਿਲੇ ਦੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਤੋਂ ਲੋਕਾਂ ਤੇ ਖਾਸਕਰਕੇ ਨੋਜਵਾਨ ਪੀੜ੍ਹੀ ਨੂੰ ਜਾਣੂੰ ਕਰਵਾਉਣ ਲਈ ਵਿਸ਼ੇਸ ਉਪਰਾਲੇ ਕੀਤੇ ਗਏ ਹਨ ਅਤੇ ਜਿਸ ਦੇ ਚਲਦਿਆਂ ਹਰ ਐਤਵਾਰ ਬਟਾਲਾ ਤੇ ਗੁਰਦਾਸਪੁਰ ਤੋਂ ਵਿਸ਼ੇਸ ਬੱਸਾਂ ਦੀ ਮੁਫਤ ਯਾਤਰਾ ਸ਼ੁਰੂ ਕੀਤੀ ਗਈ ਹੈ ਅਤੇ ਬਿਆਸ ਦਰਿਆ ਦੇ ਨੇੜਲੇ ਪਿੰਡ ਮੋਜੁਪਰ ਨੂੰ ਟਾਪੂਨੁਮਾ ਖੇਤਰ ਨੂੰ ਸੈਰ ਸਪਾਟਾ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ।

# 44282 ਵਿਦਿਆਰਥੀਆਂ ਨੇ ਪੀ.ਐੱਸ.ਟੀ.ਐੱਸ.ਈ. ਅਤੇ ਐੱਨ.ਐੱਨ.ਐੱਮ.ਐੱਸ. ਦੀ ਵਜ਼ੀਫਾ ਮੁਕਾਬਲਾ ਪ੍ਰੀਖਿਆ ਦਿੱਤੀ

ਸੇਰਪੁਰ/ਯਾਦਵਿੰਦਰ ਸਿੰਘ ਮਾਹੀ

ਸਿੱਖਿਆ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਦੀ ਰਹਿਨੁਮਾਈ ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਪ੍ਰਦੀਪ ਕੁਮਾਰ ਅਗਰਵਾਲ ਦੀ ਅਗਵਾਈ ਵਿੱਚ ਸਿੱਖਿਆ ਵਿਭਾਗ ਵੱਲੋਂ ਅੱਠਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ ਕਰਵਾਈ ਗਈ ਪੀ.ਐੱਸ.ਟੀ.ਐੱਸ.ਈ. ਅਤੇ ਐੱਨ.ਐੱਨ.ਐੱਮ.ਐੱਸ. ਦੀ ਵਜ਼ੀਫਾ ਮੁਕਾਬਲਾ ਪ੍ਰੀਖਿਆ ਵਿੱਚ 44282 ਵਿਦਿਆਰਥੀ ਅਪੀਅਰ ਹੋਏ। ਇਸ ਦਾਖਲਾ ਪ੍ਰੀਖਿਆ ਵਿੱਚ 88.1 ਫੀਸਦੀ ਵਿਦਿਆਰਥੀਆਂ ਦੀ ਹਾਜ਼ਰੀ ਦਰਜ ਕੀਤੀ ਗਈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਡਾ. ਮਨਿੰਦਰ ਸਿੰਘ ਸਰਕਾਰੀਆ ਨੇ ਦੱਸਿਆ ਕਿ ਅੱਠਵੀਂ ਦੇ ਵਿਦਿਆਰਥੀਆਂ ਲਈ ਇਸ ਸਾਲ ਪੀ.ਐੱਸ.ਟੀ.ਐੱਸ.ਈ. ਅਤੇ ਐੱਨ.ਐੱਨ.ਐੱਮ.ਐੱਸ. ਦੀ ਸਾਂਝੀ ਵਜ਼ੀਫਾ ਮੁਕਾਬਲਾ ਪ੍ਰੀਖਿਆ ਆਯੋਜਿਤ ਕੀਤੀ ਗਈ ਹੈ।




ਕੇਂਦਰ ਸਰਕਾਰ ਵੱਲੋਂ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬਾਡੀਜ਼ ਸਰਕਾਰ ਦੇ ਸਕੂਲਾਂ ਦੇ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਵਿੱਚੋਂ ਇਸ ਵਜ਼ੀਫਾ ਮੁਕਾਬਲਾ ਪ੍ਰੀਖਿਆ ਦੀ ਨਿਰਧਾਰਿਤ ਮੈਰਿਟ ਅਤੇ ਪੱਧਤੀ ਅਨੁਸਾਰ 2210 ਵਿਦਿਆਰਥੀਆਂ ਨੂੰ 1000 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਣਾ ਹੈ। ਭਾਵ ਕੇ ਇਸ ਵਜ਼ੀਫਾ ਮੁਕਾਬਲਾ ਪ੍ਰੀਖਿਆ ਰਾਹੀਂ ਸਫ਼ਲ ਹੋ ਕੇ ਚੁਣੇ ਜਾਣ ਵਾਲੇ ਹਰੇਕ ਵਿਦਿਆਰਥੀ ਨੂੰ ਬਾਰ੍ਹਵੀਂ ਜਮਾਤ ਤੱਕ 48000 ਰੁਪਏ ਦੀ ਵਜ਼ੀਫਾ ਰਾਸ਼ੀ ਮਿਲੇਗੀ।

ਉਹਨਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀ.ਐੱਸ.ਟੀ.ਐੱਸ.ਈ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਇਸ ਵਜ਼ੀਫਾ ਮੁਕਾਬਲਾ ਪ੍ਰੀਖਿਆ ਵਿੱਚ ਸਫ਼ਲ ਹੋ ਕੇ ਮੈਰਿਟ ਅਤੇ ਪੱਧਤੀ ਅਨੁਸਾਰ ਚੁਣੇ ਜਾਣ ਵਾਲੇ 500 ਵਿਦਿਆਰਥੀਆਂ ਨੂੰ 200 ਰੁਪਏ ਪ੍ਰਤੀ ਮਹੀਨਾ ਮਿਲੇਗਾ। ਚੁਣੇ ਹੋਏ ਹਰੇਕ ਵਿਦਿਆਰਥੀ ਨੂੰ ਬਾਰ੍ਹਵੀਂ ਜਮਾਤ ਤੱਕ 9600 ਰੁਪਏ ਦੀ ਰਾਸ਼ੀ ਪੰਜਾਬ ਸਰਕਾਰ ਵੱਲੋਂ ਮਿਲੇਗੀ। ਉਹਨਾਂ ਦੱਸਿਆ ਕਿ ਇਸ ਵਾਰ ਕੁੱਲ 50152 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ ਅਤੇ ਇਸ ਵਿੱਚੋਂ 44282 ਵਿਦਿਆਰਥੀ ਇਸ ਮੁਕਾਬਲਾ ਪ੍ਰੀਖਿਆ ਵਿੱਚ ਅਪੀਅਰ ਹੋਏ। ਉਹਨਾਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਦੇ ਮੁੱਖ ਦਫ਼ਤਰ ਵਿੱਚ ਨਿਯੁਕਤ ਸੀਮਾ ਖੇੜਾ ਅਤੇ ਰੁਮਕੀਤ ਕੌਰ ਦੀ ਇਸ ਪ੍ਰੀਖਿਆ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜਣ ਲਈ ਪ੍ਰਸ਼ੰਸਾ ਕੀਤੀ। ਉਹਨਾਂ ਕਿਹਾ ਇਸਦੇ ਨਾਲ ਹੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਸੈਕੰਡਰੀ ਸਿੱਖਿਆ ਅਤੇ ਐਲੀਮੈਂਟਰੀ ਸਿੱਖਿਆ ਨੇ ਜ਼ਿਲ੍ਹਿਆਂ ਵਿੱਚ ਡਾਇਟ ਪ੍ਰਿੰਸੀਪਲਾਂ, ਸਕੂਲ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ, ਵੱਖ-ਵੱਖ ਕਾਡਰ ਦੇ ਅਧਿਆਪਕਾਂ ਅਤੇ ਜ਼ਿਲ੍ਹਾ ਮੀਡੀਆ ਟੀਮਾਂ ਦੇ ਭਰਪੂਰ ਸਹਿਯੋਗ ਲਈ ਸਭਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਹ ਇੱਕ ਟੀਮ ਵਰਕ ਸੀ ਜਿਸ ਨੂੰ ਸਫ਼ਲਤਾਪੂਰਵਕ ਕਰ ਲਿਆ ਗਿਆ ਹੈ। ਉਹਨਾਂ ਇਸ ਪ੍ਰਖਿਆ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਦੀ ਵੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੂੰ ਨਿਰੰਤਰ ਭਾਗ ਲੈਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਭਵਿੱਖ ਦੀਆਂ ਮੁਕਾਬਲਾ ਪ੍ਰੀਖਿਆਵਾਂ ਦੀ ਵੀ ਤਿਆਰੀ ਹੁੰਦੀ ਰਹਿੰਦੀ ਹੈ।

## ਮਨੁੱਖੀ ਸਿਹਤ ਨਾਲ ਹੋ ਰਿਹਾ ਖਿਲਵਾੜ

# ਸਿਹਤ ਵਿਭਾਗ ਦੇ ਨੱਕ ਹੇਠ ਧੜੱਲੇ ਨਾਲ ਵਿਕ ਰਹੀਆਂ ਮਿਲਾਵਟੀ ਖਾਣ ਵਾਲੀਆਂ ਚੀਜ਼ਾਂ




ਮੋਗਾ/ਦਵਿੰਦਰ ਸਿੰਘ ਬਿੱਟੂ

ਸਾਡੇ ਦੇਸ਼ ਵਿਚ ਨਕਲੀ ਅਤੇ ਮਿਲਾਵਟੀ ਸਾਮਾਨ ਦੀ ਵਿਕਰੀ ਦਾ ਧੰਦਾ ਪੂਰੇ ਜ਼ੋਰਾਂ ਸ਼ੋਰਾਂ ਨਾਲ ਚਲਦਾ ਹੈ ਅਤੇ ਇਸ ਕਾਰਵਾਈ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਹਾਲਾਤ ਇਹ ਹੋ ਗਏ ਹਨ ਕਿ ਬਜ਼ਾਰਾਂ ਵਿੱਚ ਵਿਕਣ ਵਾਲੀ ਹਰ ਚੀਜ਼ ਵਿੱਚ ਵੱਡੇ ਪੱਧਰ ਤੇ ਮਿਲਾਵਟ ਦੀਆਂ ਸ਼ਿਕਾਇਤਾਂ ਆਮ ਹੀ ਮਿਲਦੀਆਂ ਹਨ ਬਜ਼ਾਰ ਵਿੱਚ ਵਿਕਣ ਵਾਲੀ ਹਰ ਚੀਜ਼ ਵਿੱਚ ਵੱਡੇ ਪੱਧਰ ਤੇ ਮਿਲਾਵਟਾਂ ਵਾਲਾ ਸਾਮਾਨ ਧੜੱਲੇ ਨਾਲ ਵਿਕਦਾ ਹੈ ਖਾਣ ਪੀਣ ਵਾਲੀਆਂ ਚੀਜ਼ਾਂ ਫਾਸਟ ਫੂਡ ਗੋਲ ਗੱਪੇ ਅਤੇ ਮਠਿਆਈਆਂ ਦੇ ਵਿੱਚ ਵੱਡੀ ਪੱਧਰ ਤੇ ਮਿਲਾਵਟ ਹੋ ਰਹੀ ਹੈ ਕਿ ਪ੍ਰਸ਼ਾਸਨ ਇਸ ਪਾਸੇ ਧਿਆਨ ਦੇਵੇਗਾ ਧਰਮਕੋਟ ਸਿਵਲ ਹਸਪਤਾਲ ਦੇ ਬਾਹਰ ਲਗਦੀਆਂ ਵੱਡੇ ਪੱਧਰ ਤੇ ਰੇਹੜੀਆਂ ਦੇ ਉੱਤੇ ਵਿਕ ਰਹੇ ਖਾਣ ਪੀਣ ਦੇ ਸਾਮਾਨ ਦੇ ਵਿਚ ਅੱਜ ਤੀਕਰ ਸਿਹਤ ਵਿਭਾਗ ਨੇ ਚੈੱਕ ਕੀਤਾ ਹੈ ਉਸ ਵਿੱਚ ਕੀ ਪਾ ਕੇ ਖਾਣ ਪੀਣ ਦਾ ਸਾਮਾਨ ਤਿਆਰ ਕੀਤਾ ਜਾ ਰਿਹਾ ਹੈ ਸਿਹਤ ਵਿਭਾਗ ਦੇ ਨੱਕ ਦੇ ਹੇਠ ਵੱਡੇ ਪੱਧਰ ਤੇ ਮਿਲਾਵਟੀ ਸਾਮਾਨ ਲੋਕਾਂ ਨੂੰ ਪਰੋਸਿਆ ਜਾ ਰਿਹਾ ਹੈ ਜਿਸ ਨਾਲ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਲੱਗਣ ਦਾ ਖਤਰਾ ਬਣਿਆ ਹੋਇਆ ਹੈ ਬਾਜ਼ਾਰਾਂ ਦੇ ਵਿਚ ਕਰਿਆਨੇ ਵਾਲੀਆਂ ਦੁਕਾਨਾਂ ਦੇ ਵਿੱਚ ਵੱਡੇ ਪੱਧਰ ਤੇ ਮਿਲਾਵਟੀ ਸਾਮਾਨ ਵੀ ਵੇਚਿਆ ਜਾ ਰਿਹਾ ਹੈ ਕੀ ਸਿਹਤ ਵਿਭਾਗ ਇਸ ਵੱਲ ਧਿਆਨ ਦੇਵੇਗਾ ਕਿ ਮਠਿਆਈ ਵਾਲੀਆਂ ਦੁਕਾਨਾਂ ਦੇ ਉਪਰ ਮਠਿਆਈਆਂ ਦੇ ਵਿਚ ਮਿਲਾਵਟ ਨਹੀਂ ਹੁੰਦੀ ਸਿਹਤ ਵਿਭਾਗ ਦੇ ਵੱਲੋਂ ਸਮੇਂ ਸਮੇਂ ਤੇ ਇਨ੍ਹਾਂ ਦੁਕਾਨਾਂ ਦੀ ਚੈਕਿੰਗ ਨਾਂ ਕਰਨ ਕਰ ਕੇ ਇਨ੍ਹਾਂ ਦੁਕਾਨਦਾਰਾਂ ਅਤੇ ਰੇਹੜੀਆਂ ਵਾਲਿਆਂ ਦੇ ਹੌਂਸਲੇ ਬੁਲੰਦ ਹਨ ਬਾਜ਼ਾਰ ਵਿੱਚ ਅੱਜਕੱਲ੍ਹ ਕੋਈ ਵੀ ਸ਼ੁੱਧ ਚੀਜ਼ ਮੁਸ਼ਕਿਲ ਨਾਲ ਮਿਲਦੀ ਹੈ ਮਿਲੀਭੁਗਤ ਅਤੇ ਢਿੱਲੀ ਕਾਰਗੁਜ਼ਾਰੀ ਇਸ ਧੰਦੇ ਨੂੰ ਉਤਸ਼ਾਹਤ ਕਰਦੀ ਹੈ ਇਸ ਚੋਂ ਭ੍ਰਿਸ਼ਟਾਚਾਰ ਦੀ ਬੂ ਆਉਂਦੀ ਹੈ ਬਾਜ਼ਾਰਾਂ ਚ ਦਵਾਈਆਂ ਨਾਲ ਪੱਕੇ ਫਲ ਸਬਜ਼ੀਆਂ ਜ਼ਹਿਰਾਂ ਵਰਤਾ ਰਹੇ ਹਨ ਬੇਮੌਸਮੀ ਚੀਜ਼ਾਂ ਦੀ ਭਰਮਾਰ ਰਹਿੰਦੀ ਹੈ ਇਸ ਲਈ ਮਿਲਾਵਟਖੋਰੀ ਜਿ਼ਮੇਵਾਰ ਹੁੰਦੀ ਹੈ ਵੇਖਣ ਦੇ ਵਿੱਚ ਆਉਂਦਾ ਹੈ ਕਿ ਲੋਕ ਵੀ ਇਸ ਪਾਸੇ ਬਿਲਕੁਲ ਵੀ ਧਿਆਨ ਨਹੀਂ ਦੇ ਰਹੇ ਅਤੇ ਜਿਸ ਨਾਲ ਅਨੇਕਾਂ ਪ੍ਰਕਾਰ ਦੀਆਂ ਬੀਮਾਰੀਆਂ ਸਰੀਰ ਨੂੰ ਜਕੜ ਰਹੀਆਂ ਹਨ ਮਿਲਾਵਟ ਖੋਰੀ ਦੈਂਤ ਦੇ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਨਾ ਚਾਹੀਦਾ ਮਿਲਾਵਟਖੋਰਾਂ ਨੂੰ ਮਿਸਾਲੀ ਅਤੇ ਤੁਰੰਤ ਸਜ਼ਾ ਦਾ ਪ੍ਰਬੰਧ ਹੋਣਾ ਚਾਹੀਦਾ ਤਾਂ ਜੋ ਇਸ ਘਾਤਕ ਮਰਜ਼ ਤੋਂ ਲੋਕਾਂ ਨੂੰ ਨਿਜਾਤ ਮਿਲ ਸਕੇ ਅੱਜ ਕੱਲ੍ਹ ਇਹ ਇਕ ਭਖਦਾ ਮਸਲਾ ਹੈ ਜੇਕਰ ਇਸ ਮਿਲਾਵਟਖੋਰੀ ਦੇ ਉੱਪਰ ਤੁਰੰਤ ਕੋਈ ਐਕਸ਼ਨ ਨਹੀਂ ਲਿਆ ਗਿਆ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ ਨਵੀਂ ਬਣੀ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਤੁਰੰਤ ਹੀ ਇਸ ਪਾਸੇ ਧਿਆਨ ਦੇ ਕੇ ਨਵਾਂ ਅਧਿਆਏ ਸ਼ੁਰੂ ਕਰ ਦੇਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਥੋੜ੍ਹੇ ਜਿਹੇ ਮੁਨਾਫ਼ੇ ਖ਼ਾਤਰ ਕੀਮਤੀ ਮਨੁੱਖੀ ਜਾਨਾਂ ਦੇ ਨਾਲ ਖਿਲਵਾੜ ਨਾ ਕਰ ਸਕੇ

# ਵਿਧਾਇਕ ਬੀਬੀ ਰਾਜਵਿੰਦਰ ਕੌਰ ਛੀਨਾ ਦਾ ਕੀਤਾ ਨਿੱਘਾ ਸਵਾਗਤ ਤੇ ਮਾਣ ਸਨਮਾਨ



ਲੁਧਿਆਣਾ/ਵਰਿੰਦਰ ਪ੍ਰਕਾਸ਼ ਭਾਂਬਰੀ

ਮਾਨਯੋਗ ਸਨਅਤਕਾਰ ਸ਼੍ਰੀ ਰਮੇਸ਼ ਕੱਕਰ (ਮੈਂਬਰ ਆਫ ਜਸਪਾਲ ਬਾਂਗਰ ਐਸੋਸੀਏਸ਼ਨ) ਜੀ ਨਾਲ ਉਹਨਾਂ ਦੇ ਮੁੱਖ ਦਫਤਰ ਵਿਖੇ ਮੁਲਾਕਾਤ ਕੀਤੀ ਅਤੇ ਉਹਨਾਂ ਦੀ ਪੂਰੀ ਟੀਮ ਵਲੋਂ ਵਿਧਾਇਕ ਬੀਬੀ ਰਾਜਵਿੰਦਰ ਕੌਰ ਛੀਨਾ ਦਾ ਨਿੱਘਾ ਸਵਾਗਤ ਕਰਕੇ ਮਾਣ ਸਨਮਾਨ ਅਤੇ ਪਿਆਰ ਬਖਸ਼ਿਆ। ਇਸ ਮੌਕੇ ਉਹਨਾਂ ਦੇ ਸਟਾਫ ਮੈਂਬਰਾਂ ਨਾਲ ਵਪਾਰ ਅਤੇ ਉਦਯੋਗ ਨੂੰ ਲੈ ਕੇ ਵੱਖ ਵੱਖ ਮੁੱਦਿਆਂ ਬਾਰੇ ਮੀਟਿੰਗ ਕੀਤੀ ਅਤੇ ਬੀਬੀ ਰਾਜਵਿੰਦਰ ਕੌਰ ਛੀਨਾ ਵਲੋਂ ਪੰਜਾਬ ਸਰਕਾਰ ਦੀ ਤਰਫੋਂ ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਾਰੇ ਮੁੱਦਿਆਂ ਦੇ ਛੇਤੀ ਨਿਪਟਾਰੇ ਦਾ ਭਰੋਸਾ ਦਿੱਤਾ ਗਿਆ।

# ਨਰਸਾਂ ਨੇ ਰੈਂਪ ਵਾਕ ਕੀਤਾ

**ਮੋਹਾਲੀ/ਲੋਕ ਬਾਣੀ:** ਆਈਵੀ ਹਸਪਤਾਲ ਦੀਆਂ 200 ਨਰਸਾਂ ਅਤੇ ਹੋਰ ਪੈਰਾ-ਮੈਡੀਕਲ ਸਟਾਫ ਨੇ ਮੰਗਲਵਾਰ ਨੂੰ ਇੱਥੇ ਇੱਕ ਹੋਟਲ 'ਚ ਨਰਸ ਦਿਵਸ ਸਮਾਗਮ 'ਚ ਭਾਗ ਲਿਆ .

ਇਸ ਮੌਕੇ 'ਤੇ, ਨਰਸਾਂ ਨੇ ਰੈਂਪ ਵਾਕ ਕੀਤਾ, ਗਿੜਧਾ ਪਾਇਆ ਅਤੇ ਕਈ ਮਨੋਰੰਜਕ ਗਤੀਵਿਧੀਆਂ 'ਚ ਭਾਗ ਲਿਆ .

ਪ੍ਰੋਗਰਾਮ 'ਚ ਮੈਡੀਕਲ ਡਾਇਰੈਕਟਰ ਡਾ. ਕੰਵਲਦੀਪ ਨੇ ਵੀ ਭਾਗ ਲਿਆ . ਪ੍ਰੋਗਰਾਮ ਦੇ ਅੰਤ 'ਚ ਨਰਸਾਂ ਨੂੰ ਹਸਪਤਾਲ ਦੇ ਸਿਹਤ ਪ੍ਰਬੰਧਨ 'ਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਤ ਕੀਤਾ ਗਿਆ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



## ਪ੍ਰੀ ਪ੍ਰਾਇਮਰੀ ਦੇ ਬੱਚਿਆਂ ਵੱਲੋਂ ਬਣਾਏ ਗਏ ਫੋਟੋ ਫਰੇਮ

**ਸੇਰਪੁਰ/ਯਾਦਵਿੰਦਰ ਸਿੰਘ ਮਾਹੀ**

ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਅਗਵਾਈ ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪਰਦੀਪ ਅਗਰਵਾਲ ਦੀ ਦੇਖ-ਰੇਖ ਹੇਠ ਪੰਜਾਬ ਦੇ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲਾਂ ਵਿੱਚ ਜਿ਼ਲ੍ਹਾ ਸੰਗਰੂਰ ਦੇ ਪ੍ਰੀ ਪ੍ਰਾਇਮਰੀ ਸਕੂਲਾਂ ਦੇ ਨੰਨ੍ਹੇ ਬੱਚਿਆਂ ਨੇ ਆਪਣੇ ਨਿੱਕੇ -ਨਿੱਕੇ ਹੱਥਾਂ ਦੇ ਕੋਮਲ ਪੋਟਿਆਂ ਨਾਲ ਫੋਟੋ ਫਰੇਮ ਦੀ ਸਿਰਜਣਾ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿ਼ਲ੍ਹਾ ਸਿੱਖਿਆ ਅਫਸਰ ਡਾ. ਕੁਲਤਰਨਜੀਤ ਸਿੰਘ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਦਿਆਲ ਸਿੰਘ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਦੁਆਰਾ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਲਈ ਮਹੀਨਾਵਾਰ ਗਤੀਵਿਧੀਆਂ ਤਹਿਤ ਅੱਜ ਫੋਟੋ ਫਰੇਮ ਬਣਾਉਣ ਦਾ ਦਿਨ ਨਿਸਚਿਤ ਕੀਤਾ ਗਿਆ ਸੀ ਜਿਸ ਵਿੱਚ ਬੱਚਿਆਂ ਨੇ ਆਪਣੇ ਅਧਿਆਪਕਾਂ ਦੀ ਨਿਗਰਾਨੀ ਹੇਠ ਬਹੁਤ ਸੋਹਣੇ-ਸੋਹਣੇ ਫੋਟੋ ਫਰੇਮ ਬਣਾਏ। ਹੋਰ ਜਾਣਕਾਰੀ ਦਿੰਦਿਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀ ਗੁਰਮੀਤ ਸਿੰਘ ਨੇ ਦੱਸਿਆ ਕਿ ਇਹਨਾਂ ਗਤੀਵਿਧੀਆਂ ਨੂੰ ਕਰਨ ਦਾ ਮਕਸਦ ਬੱਚਿਆਂ ਅੰਦਰ ਸਿਰਜਣਾਤਮਕ ਸਕਤੀ ਦਾ ਵਿਕਾਸ ਕਰਨਾ ਹੁੰਦਾ ਹੈ ਅਤੇ ਬੱਚਿਆਂ ਨੂੰ ਆਪਣੇ ਨਿੱਕੇ -ਨਿੱਕੇ ਹੱਥਾਂ ਨਾਲ ਵੱਡੇ ਵੱਡੇ ਕੰਮ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਜਿ਼ਲ੍ਹਾ ਮੀਡੀਆ ਕੋਆਰਡੀਨੇਟਰ ਬਲਜਿੰਦਰ ਰਿਸੀ ਨੇ ਦੱਸਿਆ ਕਿ ਜਿ਼ਲ੍ਹੇ ਦੇ ਵੱਖ ਵੱਖ ਸਕੂਲਾਂ ਵੱਲੋਂ ਬੱਚਿਆਂ ਦੀਆਂ ਗਤੀਵਿਧੀਆਂ ਦੀਆਂ ਤਸਵੀਰਾਂ ਅਤੇ ਐਲਬਮ ਪੋਸਟਰ ਪ੍ਰਾਪਤ ਹੁੰਦੇ ਰਹੇ ਜਿਨ੍ਹਾਂ ਨੂੰ ਸਕੂਲ ਮੁਖੀਆਂ ਦੁਆਰਾ ਆਪਣੇ ਸਕੂਲਾਂ ਦੇ ਸੋਸਲ ਮੀਡੀਆ ਨੈੱਟਵਰਕ ਤੇ ਸੇਅਰ ਕੀਤਾ ਗਿਆ ਜਿਨ੍ਹਾਂ ਨੂੰ ਲੋਕਾਂ ਦੁਆਰਾ ਵੱਡਾ ਹੁੰਗਾਰਾ ਮਿਲਿਆ।

## ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ ( ਸੀਟੂ) ਅਤੇ ਕਿਸਾਨ ਯੂਨੀਅਨ ਆਗੂਆਂ ਵੱਲੋਂ ਸਮਰਾਲਾ ਮੰਡੀ ਦੇ ਸੱਕਤਰ ਨੂੰ ਦਿੱਤਾ ਮੰਗ ਪੱਤਰ



**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਅੱਜ ਇੱਥੇ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ ਸੀਟੂ ਦੇ ਸੂਬਾ ਸਕੱਤਰ ਅਤੇ ਲੋਕ ਸੰਘਰਸ ਕਮੇਟੀ ਦੇ ਕਨਵੀਨਰ ਸਾਥੀ ਅਮਰਨਾਥ ਕੂੰਮਕਲਾਂ, ਕਿਸਾਨ ਆਗੂ ਸਾਬਕਾ ਚੇਅਰਮੈਨ ਸਤਪਾਲ ਜੋਸੀਲਾ, ਗਿਆਨ ਸਿੰਘ ਮੰਡ, ਦੀ ਅਗਵਾਈ ਵਿੱਚ ਇੱਕ ਵਫਦ ਮਾਰਕੀਟ ਕਮੇਟੀ ਸਮਰਾਲਾ ਦੇ ਸੱਕਤਰ ਸ੍ਰ ਅਵਤਾਰ ਸਿੰਘ ਨੂੰ ਮਿਲਿਆ ਅਤੇ ਵਫਦ ਨੇ ਸਬਜੀ ਮੰਡੀ ਵਿੱਚ ਮੈਸ/ ਖੀਰਨੀਆਂ ਕੰਸਟ੍ਰਕਸਨ ਕੰਪਨੀ ਦੇ ਠੇਕੇਦਾਰ ਵੱਲੋਂ ਕੁਝ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਤਿੰਨ ਪੱਹੀਆ ਮੋਟਰ ਸਾਈਕਲ ਰਿਕਸਾ,ਕਾਰ ਜੀਪ ਆਟੋ, ਅਤੇ ਕਿਸਾਨਾਂ, ਮਜਦੂਰਾਂ ਦੀ ਲੁੱਟ ਖਸੁੱਟ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਵੀ ਵਿਅਕਤੀ ਇਸ ਵਿਰੁੱਧ ਅਵਾਜ ਉਠਾਉਣ ਦੀ ਕੋਸਿ਼ਸ ਕਰਦਾ ਹੈ ਤਾਂ ਇਥੇ ਦੇ ਕੁਝ ਕਰਮਚਾਰੀ ਉਸ ਦੀ ਅਵਾਜ ਨੂੰ ਧਮਕੀਆਂ ਦੇ ਕੇ ਦਬਾਉਣ ਦੀ ਕੋਸਿ਼ਸ ਕਰਦਾਂ ਹੈਂ। ਵਫਦ ਨੇ ਸੱਕਤਰ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਕਿ ਮੰਡੀ ਵਿਚ ਕੁਝ ਕਰਮਚਾਰੀ ਠੇਕੇਦਾਰ ਨਾਲ ਮਿਲੀਭੁਗਤ ਕਰਕੇ ਕਿਸਾਨਾਂ, ਮਜਦੂਰਾਂ ਅਤੇ ਸਰਕਾਰ ਨੂੰ ਵੀ ਚੂਨਾਂ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸ ਧੱਕੇਸਾਹੀ ਨੂੰ ਬੰਦ ਨਾਂ ਕੀਤਾ ਤਾਂ ਉਹ ਜਨਤਕ ਜਥੇਬੰਦੀਆਂ, ਇਨਸਾਫ ਪਸੰਦ ਲੋਕਾਂ ਨੂੰ ਨਾਲ ਲੈਕੇ ਜੋਰਦਾਰ ਸੰਘਰਸ ਵਿੱਢਣਗੇ। ਇਸੇ ਦੌਰਾਨ ਸੱਕਤਰ ਅਵਤਾਰ ਸਿੰਘ ਨੇ ਦੱਸਿਆ ਕਿ ਖੀਰਨੀਆਂ ਕੰਸਟ੍ਰਕਸਨ ਕੰਪਨੀ ਵੱਲੋਂ ਠੇਕਾ ਲਿਆ ਹੋਇਆ ਹੈ ਜਿਸ ਵਿਚ ਉਨ੍ਹਾਂ ਨਾਲ ਤੈਅ ਸੁਦਾ ਰੇਟ ਕੀਤੇ ਹਨ ਜਿਸ ਦੇ ਮੁਤਾਬਿਕ ਤਿੰਨ ਪਹਈਆ ਵਾਹਨ ਤੋਂ 10/ਰੁਪਏ,ਕਾਰ,ਜੀਪ, ਆਟੋ ਤੋਂ 20/ਰੁਪਏ,ਗੱਡਾ, ਰੇਹੜੀ 13/-ਰੁਪੈ,ਟੈਂਪੂ 40/-ਰਪਏ, ਟਰੈਕਟਰ ਟਰਾਲੀ 50/-ਰੁਪਏ, ਟਰੱਕ 6ਟਾਇਰਾ 60/-ਰੁਪਏ,ਦਸ ਟਾਇਰਾਂ 80/-ਰੁਪਏ, ਟਰੱਕ 12ਟਾਇਰਾ 150/- ਰੁਪਏ,ਟਰਾਲਾ 125/ ਰੁਪੈ,ਇਸ ਤੋਂ ਇਲਾਵਾ ਕਿਸਾਨਾਂ ਤੋਂ ਉਗਰਾਏ ਜਾਣ ਵਾਲੇ ਖਰਚੇ ਆੜਤ 5% ਆਰ. ਟੀ. ਐਫ.1% ਟੈਕਸ 1% ਕੁਲ ਖਰਚਾ = 7% ਹੋਵੇਗਾ ਵਫਦ ਵੱਲੋਂ ਪੁਰਜੋਰ ਸਬਦਾਂ ਵਿੱਚ ਮੰਗ ਕੀਤੀ ਕਿ ਉਹ ਆਪਣੇ ਕਰਮਚਾਰੀਆਂ ਨੂੰ ਹਦਾਇਤ ਕਰਨ ਕਿ ਮੰਡੀ ਵਿੱਚ ਆਏ ਹੋਏ ਕਿਸਾਨਾਂ, ਮਜਦੂਰਾਂ, ਰੇੜੀ ਫੜੀ, ਵਾਲਿਆਂ ਨਾਲ ਵਰਤਾਓ ਠੀਕ ਕਰਨ ਕਿਉਂ ਕਿ ਉਹ ਲੋਕਾਂ ਦੇ ਸੇਵਕ ਹਨ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਮੰਡੀ ਦੇ ਗੇਟ ਉਪਰ ਉਹ ਸਾਰੀਆਂ ਰੇਟ ਲਿਸਟਾਂ ਦੇ ਬੋਰਡ ਲਗਾਉਣ ਵਫਦ ਨੂੰ ਸੱਕਤਰ ਵਲੋਂ ਵਿਸਵਾਸ ਦਿਵਾਇਆ ਕਿ ਇੱਕ ਹਫਤੇ ਦੇ ਅੰਦਰ ਹੀ ਮੰਡੀ ਦੇ ਗੇਟਾਂ ਉੱਤੇ ਸਾਰੀਆਂ ਰੇਟ ਲਿਸਟਾਂ ਅਤੇ ਆੜਤ ਦੇ ਵੇਰਵੇ ਦੀਆਂ ਲਿਸਟਾਂ ਲਗਵਾ ਦੇਣਗੇ ਅਤੇ ਆਪਣੇ ਸਟਾਫ ਦੇ ਵਰਤਾਰੇ ਨੂੰ ਵੀ ਠੀਕ ਕਰਨਗੇ। ਵਫਦ ਵਿੱਚ ਹੋਰਨਾਂ ਤੋਂ ਇਲਾਵਾ ਸਰਵ ਸਾਥੀ ਸਿਕੰਦਰ ਬਖਸ ਮੰਡ ਚੌਂਤਾ, ਦਰਸਨ ਸਿੰਘ ਕਡਿਆਣਾ, ਰਜਿੰਦਰ ਸਿੰਘ ਰਾਜੇਵਾਲ ਰਾਜਪੂਤਾਂ,ਹਰੀ ਰਾਮ ਜੀ ਭੱਟੀ ਆਦਿ ਸਾਮਲ ਸਨ।

## ਰੋਜ਼ਗਾਰ ਵਿਭਾਗ ਵੱਲੋਂ 'ਤੁਹਾਡਾ ਰਵੱਈਆ ਤੁਹਾਡੀ ਜਿੱਤ' ਵਿਸ਼ੇ 'ਤੇ ਵੈਬੀਨਾਰ ਅੱਜ

**ਸ਼ਹੀਦ ਭਗਤ ਸਿੰਘ ਨਗਰ**

ਪੰਜਾਬ ਘਰ-ਘਰ ਰੋਜਗਾਰ ਅਤੇ ਕਾਰੋਬਾਰ ਮਿਸ਼ਨ ਅਤੇ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਵੱਲੋਂ 'ਤੁਹਾਡਾ ਰਵੱਈਆ ਤੁਹਾਡੀ ਜਿੱਤ' ਵਿਸ਼ੇ 'ਤੇ 18 ਮਈ 2022 ਨੂੰ ਸਵੇਰੇ 11:00 ਵਜੇ ਇੱਕ ਵੈਬੀਨਾਰ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦੇ ਹੋਏ ਸ੍ਰੀ ਸੰਜੀਵ ਕੁਮਾਰ, ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਇਸ ਵੈਬੀਨਾਰ ਵਿੱਚ ਸ੍ਰੀਮਤੀ ਰੀਤੂ ਸਿੰਗਲ, ਲਾਈਫ ਕੋਚ, ਵੱਲੋਂ ਉਕਤ ਵਿਸ਼ੇ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਇਹ ਵੈਬੀਨਾਰ ਪੀ.ਜੀ.ਆਰ.ਕਾਮ ਦੇ ਫੇਸਬੁੱਕ ਅਕਾਊਂਟ 'ਤੇ ਲਾਈਵ ਚਲਾਇਆ ਜਾਵੇਗਾ। ਇਸ ਦੇ ਨਾਲ ਹੀ ਇਸ ਵੈਬੀਨਾਰ ਵਿੱਚ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਏ.ਸੀ. ਕੰਪਲੈਕਸ ਤੀਜੀ ਮੰਜਿਲ, ਨਵਾਂਸ਼ਹਿਰ ਵਿਖੇ ਵੀ ਭਾਗ ਲਿਆ ਜਾ ਸਕਦਾ ਹੈ। ਚਾਹਵਾਨ ਪ੍ਰਾਰਥੀ ਵੈਬੀਨਾਰ ਵਿੱਚ ਹਿੱਸਾ ਲੈਣ ਲਈ 18 ਮਈ 2022 ਨੂੰ ਸਵੇਰੇ 11:00 ਵਜੇ ਬਿਊਰੋ ਵਿਖੇ ਚੱਲ ਰਹੇ ਵੈਬੀਨਾਰ ਵਿੱਚ ਸ਼ਾਮਿਲ ਹੋ ਕੇ ਇਸ ਦਾ ਲਾਭ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਬਿਊਰੋ ਦੇ ਹੈਲਪਲਾਈਨ ਨੰ. 88727-59915 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਵ: ਮਹਿਮਾ ਸਿੰਘ ਕੰਗ ਦੀ 13ਵੀਂ ਬਰਸੀ ਫਰੰਟ ਦੇ ਦਫਤਰ ਵਿਖੇ ਇੱਕ ਸਮਾਗਮ ਦੇ ਰੂਪ ਵਿੱਚ ਮਨਾਈ

**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਵੱਲੋਂ ਫਰੰਟ ਦੇ ਬਾਨੀ ਸਵ: ਮਹਿਮਾ ਸਿੰਘ ਕੰਗ ਦੀ 13ਵੀਂ ਬਰਸੀ ਫਰੰਟ ਦੇ ਦਫਤਰ ਵਿਖੇ ਬੜੀ ਸ਼ਰਧਾ ਪੂਰਵਕ ਮਨਾਈ ਗਈ, ਜਿਸ ਵਿੱਚ ਅਧਿਆਪਕ ਚੇਤਨਾ ਮੰਚ ਦੇ ਅਹੁਦੇਦਾਰਾਂ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਵੱਖ ਵੱਖ ਬੁਲਾਰਿਆਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸਭ ਤੋਂ ਪਹਿਲਾਂ ਫਰੰਟ ਦੇ ਮੀਤ ਪ੍ਰਧਾਨ ਦੀਪ ਦਿਲਬਰ ਨੇ ਆਏ ਸਰੋਤਿਆਂ ਨੂੰ ਜੀ ਆਇਆ ਆਖਿਆ ਅਤੇ ਸਵ: ਮਹਿਮਾ ਸਿੰਘ ਕੰਗ ਦੁਆਰਾ ਜੀਵਨ ਵਿੱਚ ਕੀਤੇ ਕੰਮਾਂ ਅਤੇ ਸੰਘਰਸ਼ਾਂ ਵਿੱਚ ਪਾਏ ਯੋਗਦਾਨ ਸਬੰਧੀ ਦੱਸਿਆ ਅਤੇ ਉਨ੍ਹਾਂ ਦੇ ਜੀਵਨ ਦਾ ਰੇਖਾ ਚਿੱਤਰ ਇੱਕ ਗੀਤ ਦੇ ਰੂਪ ਵਿੱਚ ਪੇਸ਼ ਕਰਕੇ, ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ। ਕਾਮਰੇਡ ਕੇਵਲ ਸਿੰਘ ਮੰਜਾਲੀਆਂ ਨੇ ਫਰੰਟ ਨੂੰ ਹੋਂਦ ਵਿੱਚ ਲਿਆਉਣ ਲਈ ਕੀਤੇ ਕਾਰਜਾਂ ਅਤੇ ਬੀਤੇ ਸਮੇਂ ਦੌਰਾਨ ਫਰੰਟ ਦੀਆਂ ਪ੍ਰਾਪਤੀਆਂ ਅਤੇ ਮਹਿਮਾ ਸਿੰਘ ਕੰਗ ਨਾਲ ਬਿਤਾਏ ਪਲਾਂ ਨੂੰ ਸਭ ਨਾਲ ਸਾਂਝਾ ਕੀਤਾ। ਅਧਿਆਪਕ ਚੇਤਨਾ ਮੰਚ ਸਮਰਾਲਾ ਦੇ ਪ੍ਰਧਾਨ ਲੈਕ: ਵਿਜੈ ਕੁਮਾਰ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ੍ਰੀ ਕੰਗ ਇੱਕ ਵਿਅਕਤੀ ਨਹੀਂ ਇੱਕ ਸੰਸਥਾ ਵਜੋਂ ਸਮਾਜ ਵਿੱਚ ਕੰਮ ਕਰਦੇ ਸਨ, ਉਹ ਫਰੰਟ ਦੇ ਬਾਨੀ ਹੋਣ ਦੇ ਨਾਤੇ ਉਹ ਅਧਿਆਪਕ ਚੇਤਨਾ ਮੰਚ ਦੇ ਵੀ ਬਾਨੀ ਪ੍ਰਧਾਨ ਸਨ, ਜਿਹੜਾ ਮੰਚ ਬੋਰਡ ਦੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਵਜੀਫਾ ਅਤੇ ਸਕੂਲਾਂ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਂਦਾ ਹੈ। ਉਨ੍ਹਾਂ ਵੱਲੋਂ ਸਮੁੱਚੇ ਅਧਿਆਪਕ ਚੇਤਨਾ ਮੰਚ ਦੀ ਟੀਮ ਵੱਲੋਂ ਸ਼ਰਧਾਂਲੀ ਭੇਂਟ ਕੀਤੀ ਗਈ। ਪ੍ਰਿੰਸੀਪਲ ਮਨੋਜ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਫਰੰਟ ਵੱਲੋਂ ਬੱਚਿਆਂ ਨੂੰ ਜਾਗਰਤ ਕਰਨ ਲਈ ਵੱਖ ਵੱਖ ਸਕੂਲਾਂ ਵਿੱਚ ਜਾ ਕੇ ਸੈਮੀਨਾਰ ਆਯੋਜਿਤ ਕਰਨੇ ਚਾਹੀਦੇ ਹਨ, ਜਿਸ ਨਾਲ ਬੱਚਿਆਂ ਨੂੰ ਨਵੀਂ ਸੇਧ ਮਿਲ ਸਕੇ ਅਤੇ ਉਹ ਸਮਾਜ ਅੰਦਰ ਫੈਲੀਆਂ ਬੁਰਾਈਆਂ ਪ੍ਰਤੀ ਸੁਚੇਤ ਹੋ ਸਕਣ। ਪੈਨਸ਼ਨਰ ਫਰੰਟ ਦੇ ਕਨਵੀਨਰ ਪ੍ਰੇਮ ਸਾਗਰ ਸ਼ਰਮਾ ਨੇ ਕਿਹਾ ਕਿ ਅਜਿਹੇ ਵਿਅਕਤੀ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਦੇ ਜਾਣ ਤੋਂ ਬਾਅਦ ਵੀ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਉਨ੍ਹਾਂ ਨੂੰ ਯਾਦ ਕਰਦੇ ਹਾਂ। ਜੇਕਰ ਉਨ੍ਹਾਂ ਦੀ ਸਮਾਜ ਪ੍ਰਤੀ ਕੋਈ ਦੇਣ ਸੀ, ਤਾਂ ਹੀ ਅੱਜ ਅਸੀਂ ਵੱਖ ਵੱਖ ਸੰਸਥਾਵਾਂ ਦੇ ਅਹੁਦੇਦਾਰ ਉਨ੍ਹਾਂ ਦੀ ਯਾਦ ਤਾਜਾ ਕਰ ਰਹੇ ਹਾਂ। ਫਰੰਟ ਦੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਸੰਸਥਾ ਨੂੰ ਵੱਡਭਾਗਾ ਦੱਸਿਆ ਕਿ ਜਿਸ ਵਿਅਕਤੀ ਦਾ ਲਾਇਆ ਬੂਟਾ ਅੱਜ ਭਰ ਜਵਾਨ ਹੋ ਗਿਆ ਹੈ, ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਫਰੰਟ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਫਰੰਟ ਦੀ ਉਚੀ ਪਛਾਣ ਹੀ ਮਾ. ਮਹਿਮਾ ਸਿੰਘ ਕੰਗ ਨੂੰ ਸੱਚੀ ਸ਼ਰਧਾਂਜਲੀ ਹੈ। ਅਖੀਰ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਨੇ ਕਿਹਾ ਕਿ ਮੇਰੇ ਨਾਂ ਨਾਲ ਕਮਾਂਡੈਂਟ ਸਰਕਾਰ ਵੱਲੋਂ ਲਾਇਆ ਗਿਆ, ਜਿਸ ਤੋਂ ਮੈਨੂੰ ਪੈਨਸ਼ਨ ਮਿਲਦੀ ਹੈ, ਪ੍ਰੰਤੂ ਆਮ ਲੋਕਾਂ ਵਿੱਚ ਕਮਾਂਡੈਂਟ ਬਣਾਉਣ ਵਾਲਾ ਮਹਿਮਾ ਸਿੰਘ ਕੰਗ ਸੀ, ਜਿਸ ਨੇ ਅਜਿਹੀ ਸੰਸਥਾ ਖੜ੍ਹੀ ਕਰਕੇ, ਖੁਦ ਪਿੱਛੇ ਰਹਿ ਮੈਨੂੰ ਉੱਚ ਦਰਜਾ ਦਿੱਤਾ ਅਤੇ ਲੋਕਾਂ ਵਿੱਚ ਪਛਾਣ ਬਣਾਈ, ਅਜਿਹੇ ਵਿਅਕਤੀ ਨੂੰ ਸ਼ਰਧਾਂਜਲੀ ਕੇਵਲ ਸ਼ਬਦਾਂ ਨਾਲ ਨਹੀਂ ਦਿੱਤੀ ਜਾ ਸਕਦੀ, ਬਲਕਿ ਉਸ ਵਿਅਕਤੀ ਦੇ ਜਾਣ ਤੋਂ 13 ਸਾਲ ਬਾਅਦ ਵੀ ਲੋਕਾਂ ਦੇ ਦਿਲਾਂ ਵਿੱਚ ਇੱਕ ਖ਼ੂਬਸੂਰਤ ਤਸਵੀਰ ਦੇ ਰੂਪ ਵਿੱਚ ਜਿੰਦਾ ਹੈ, ਇਹੀ ਮਹਿਮਾ ਸਿੰਘ ਕੰਗ ਨੂੰ ਸੱਚੀ ਸ਼ਰਧਾਂਜਲੀ ਹੈ। ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਇੰਦਜੀਤ ਸਿੰਘ ਕੰਗ, ਪ੍ਰੇਮ ਨਾਥ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ, ਦਰਸ਼ਨ ਸਿੰਘ ਕੰਗ, ਬਲਜਿੰਦਰ ਸਿੰਘ, ਰਘਵੀਰ ਸਿੰਘ ਸਿੱਧੂ, ਨਿਰਮਲ ਸਿੰਘ ਹਰਬੰਸਪੁਰਾ, ਜੰਗੀਰਾ ਰਾਮ, ਸਵਿੰਦਰ ਸਿੰਘ, ਜੁਗਲ ਕਿਸ਼ੋਰ ਸਾਹਨੀ, ਰਵਿੰਦਰ ਕੌਰ, ਅਵਤਾਰ ਸਿੰਘ, ਪਰਮਜੀਤ ਸਿੰਘ ਮਾਛੀਵਾੜਾ, ਫਲਾਕੀ ਰਾਮ ਮਾਛੀਵਾੜਾ, ਦੇਸ ਰਾਜ, ਕਾਮਰੇਡ ਬੰਤ ਸਿੰਘ, ਬਲਵਿੰਦਰ ਵਰਮਾ ਆਦਿ ਸ਼ਾਮਲ ਸਨ। ਮੰਚ ਸੰਚਾਲਨ ਦੀ ਭੂਮਿਕਾ ਦੀਪ ਦਿਲਬਰ ਦੁਆਰਾ ਬਾਖੂਬੀ ਨਿਭਾਈ ਗਈ।



# ਸਾਧਾਂਵਾਲਾ ਵਿਖੇ ਨੌਜਵਾਨਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਅਤਿ ਦੀ ਪੈ ਰਹੀ ਗਰਮੀ ਜੋ ਕਿ ਦਿਨ ਪ੍ਰਤੀ ਦਿਨ ਗਰਮੀ ਦਾ ਪਾਰਾ ਵਧਦਾ ਜਾ ਰਿਹਾ ਹੈ ਇਸ ਨੂੰ ਮੁੱਖ ਰੱਖਦਿਆਂ ਹੋਇਆਂ ਪਿੰਡ ਸਾਧਾਂਵਾਲਾ ਦੇ ਨੌਜਵਾਨ ਸੁਰਿੰਦਰ ਸਿੰਘ ਸਾਧਾਂਵਾਲਾ ਦੇ ਸਮੂਹ ਸਾਥੀਆਂ ਵੱਲੋਂ ਰਲ ਮਿਲ ਕੇ ਕੁਝ ਗਰਮੀ ਤੋਂ ਰਾਹਤ ਪਾਉਣ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਜਿਸ ਵਿੱਚ ਸਮੂਹ ਨਗਰ ਨਿਵਾਸੀਆਂ ਨੇ ਅਤੇ ਸਕੂਲ ਦੇ ਬੱਚਿਆਂ ਨੇ ਠੰਢਾ ਮਿੱਠਾ ਜਲ ਛਕ ਕੇ ਕੁਝ ਗਰਮੀ ਤੋਂ ਰਾਹਤ ਮਹਿਸੂਸ ਕੀਤੀ ਅਤੇ ਸਕੂਲੀ ਬੱਚਿਆਂ ਨੇ ਅਤੇ ਸਮੂਹ ਨੌਜਵਾਨਾਂ ਨੇ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਵੀ ਕੀਤੀ ਕਿ ਜੋ ਕਿ ਅਤਿ ਦੀ ਪੈ ਰਹੀ ਗਰਮੀ ਤੋਂ ਕੁਝ ਰਾਹਤ ਪਾਉਣ ਲਈ ਬਾਰਸ਼ ਦੀ ਮੁੱਖ ਲੋੜ ਹੈ ਵਾਹਿਗੁਰੂ ਬਾਰਸ਼ ਪਾਵੇ ਤਾਂ ਜੋ ਖੇਤੀਬਾੜੀ ਫਸਲਾਂ ਜਾਨਵਰਾਂ ਨੂੰ ਕੁਝ ਅੱਤ ਦੀ ਪੈ ਰਹੀ ਗਰਮੀ ਤੋਂ ਰਾਹਤ ਮਿਲ ਸਕੇ ਇਸ ਮੌਕੇ ਸਮੂਹ ਨੌਜਵਾਨਾਂ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਮਨੁੱਖ ਤਾਂ ਅੱਤ ਦੀ ਪੈ ਰਹੀ ਗਰਮੀ ਤੋਂ ਬਚਨ ਲਈ ਠੰਢੇ ਠੰਢੇ ਪਾਣੀ ਫਰਿੱਜ ਠੰਢੀ ਹਵਾ ਲੈਣ ਲਈ ਕੂਲਰਾਂ ਏ ਸੀ ਆਂ ਦੀ ਵਰਤੋਂ ਕਰ ਲੈਂਦੇ ਹਨ ਨੇ ਪ੍ਰੰਤੂ ਗਰਮੀ ਤੋਂ ਬਚਣ ਲਈ ਪਸ਼ੂਆਂ ਜਾਨਵਰਾਂ ਆਦਿ ਕੋਲ ਕੋਈ ਰਸਤਾ ਨਹੀਂ ਹੈ ਸਿਰਫ ਇਕ ਹੀ ਰਸਤਾ ਹੈ ਇਕ ਬਾਰਸ਼ ਦਾ ਹੀ ਸਹਾਰਾ ਹੁੰਦਾ ਹੈ ਜੋ ਕੇ ਬਾਰਸ਼ ਦਾ ਘੱਟ ਪੈਣਾ ਅੱਤ ਦੀ ਗਰਮੀ ਪੈਣਾ ਇਸ ਦਾ ਮੁੱਖ ਕਾਰਨ ਦਿਨ ਪ੍ਰਤੀ ਦਰੱਖਤਾਂ ਦੀ ਕਟਾਈ ਹੁਣ ਘਰਾਂ ਵਿਚ ਏ ਸੀ ਦੀ ਵਰਤੋਂ ਵੱਧ ਕਰਨਾ ਮੁੱਖ ਕਾਰਨ ਹੈ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਸੁਰਿੰਦਰ ਸਿੰਘ ਸਾਧਾਂਵਾਲਾ ਰਾਜਬੀਰ ਸਿੰਘ ਆਦਿ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਜਿਨ੍ਹਾਂ ਵੀ ਹੋ ਸਕਦਾ ਹੈ ਵੱਧ ਤੋਂ ਵੱਧ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਦਰੱਖਤ ਲਗਾਏ ਜਾਣ ਤਾਂ ਜੋ ਸਾਨੂੰ ਕੁਝ ਗਰਮੀ ਤੋਂ ਵੀ ਰਾਹਤ ਮਿਲ ਸਕਦੀ ਹੈ ਅਤੇ ਵਧ ਰਹੇ ਪ੍ਰਦੂਸ਼ਣ ਬਿਮਾਰੀਆਂ ਤੋਂ ਕੁਝ ਸਾਨੂੰ ਰਾਹਤ ਮਿਲ ਸਕਦੀ ਹੈ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਨੇ ਸਮੂਹ ਨੌਜਵਾਨ ਸਾਥੀਆਂ ਦਾ ਠੰਢੇ ਮਿੱਠੇ ਜਲ ਦੀ ਛਬੀਲ ਲਗਾਉਣ ਤੇ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਪੱਤਰਕਾਰ ਨੇ ਸਮੂਹ ਨੌਜਵਾਨ ਸਾਥੀਆਂ ਨੂੰ ਅਪੀਲ ਵੀ ਕੀਤੀ ਹੈ ਕਿ ਇਕ ਤਾਂ ਨਹਿਰਾਂ ਬੰਦ ਹਨ ਮੋਟਰਾਂ ਤੇ ਲਾਈਟ ਦਾ ਘੱਟ ਆਉਣਾ ਛੱਪੜਾਂ ਟੋਭਿਆਂ ਤੇ ਲੋਕਾਂ ਦਾ ਕਾਬਜ਼ ਹੋਣਾ ਜਾਨਵਰਾਂ ਦੇ ਪਾਣੀ ਪੀਣ ਲਈ ਬਹੁਤ ਮੁਸ਼ਕਲ ਹੈ ਇਸ ਲਈ ਜਾਨਵਰਾਂ ਦੇ ਪਾਣੀ ਦੀ ਸਹੂਲਤ ਲਈ ਕੁਝ ਕੁਝ ਥਾਵਾਂ ਤੇ ਪਾਣੀ ਲਈ ਡੂੰਘੇ ਰੱਖੇ ਜਾਣ ਤਾਂ ਜੋ ਜਾਨਵਰ ਉਥੋਂ ਪਾਣੀ ਪੀ ਕੇ ਆਪਣੀ ਕੁਝ ਗਰਮੀ ਤੋਂ ਰਾਹਤ ਪਾ ਸਕਣ ਇਸ ਮੌਕੇ ਗਮਦੂਰ ਸਿੰਘ ਜਗਮੀਤ ਸਿੰਘ ਗੁਰਮੀਤ ਸਿੰਘ ਗੋਕਲ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਡੀਸੀ ਨੇ ਡੀਬੀਈਈ ਵਿਖੇ ਲਾਇਬ੍ਰੇਰੀ ਦਾ ਉਦਘਾਟਨ ਕੀਤਾ



**ਲੁਧਿਆਣਾ/ਸੁਖਚੈਨ ਮਹਿਰਾ**

ਡਿਪਟੀ ਕਮਿਸਨਰ ਲੁਧਿਆਣਾ ਸੁਰਭੀ ਮਲਿਕ ਆਈ.ਏ.ਐਸ. ਨੇ ਬੀਤੀ ਸਾਮ ਡੀ.ਬੀ.ਈ.ਈ. ਲੁਧਿਆਣਾ ਪਰਿਸਰ ਅੰਦਰ ਇੱਕ ਅੱਪਗ੍ਰੇਡ ਕੀਤੇ ਲਾਇਬ੍ਰੇਰੀ-ਕਮ-ਕੋਚਿੰਗ ਸੈਂਟਰ ਦਾ ਉਦਘਾਟਨ ਕੀਤਾ। ਉਦਘਾਟਨ ਮੌਕੇ ਏਡੀਸੀ (ਪੇਂਡੂ ਵਿਕਾਸ) ਅਮਿਤ ਕੁਮਾਰ ਪੰਚਾਲ, ਮਿਨਾਕਸੀ ਸਰਮਾ (ਡਿਪਟੀ ਡਾਇਰੈਕਟਰ), ਸੁਖਮਨ ਮਾਨ (ਈਜੀਐਸਡੀਟੀਓ) ਅਤੇ ਡੀਬੀਈਈ ਲੁਧਿਆਣਾ ਦਾ ਸਮੁੱਚਾ ਸਟਾਫ ਹਾਜਰ ਸੀ। ਨਵੀਂ ਲਾਇਬ੍ਰੇਰੀ ਆਉਣ ਵਾਲੀਆਂ ਸਰਕਾਰੀ ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ ਅਤੇ ਅਪਡੇਟ ਕੀਤੀ ਰੀਡਿੰਗ ਸਮੱਗਰੀ ਦੇ ਨਾਲ ਅਸਲ ਸਮੇਂ ਦੇ ਆਧਾਰ 'ਤੇ ਉਮੀਦਵਾਰਾਂ ਨੂੰ ਔਨਲਾਈਨ ਕੋਚਿੰਗ ਪ੍ਰਦਾਨ ਕਰਨ ਦੀਆਂ ਸਹੂਲਤਾਂ ਨਾਲ ਲੈਸ ਹੈ। ਨਵੇਂ ਲਾਇਬ੍ਰੇਰੀ-ਕਮ-ਕੋਚਿੰਗ ਸੈਂਟਰ ਨੂੰ ਪਰਿਸਰ ਦੇ ਅੰਦਰ ਵਿਦਿਆਰਥੀਆਂ ਦੀ ਔਨਲਾਈਨ ਅਤੇ ਔਫਲਾਈਨ ਕੋਚਿੰਗ ਪ੍ਰਾਪਤ ਕਰਨ ਲਈ ਬੈਠਣ ਦੀ ਸਮਰੱਥਾ ਵਧਾਉਣ ਲਈ ਅਪਗ੍ਰੇਡ ਕੀਤਾ ਗਿਆ ਹੈ।

# ਗਿਣਤੀਆਂ ਕਿਸ ਦੇਸ ਵਿੱਚ ਸੁਰੱਖਿਅਤ ਬੁੱਧੀਜੀਵੀ ਦੱਸਣ ਸਿੰਘਲ, ਗੋਸਾ




**ਲੁਧਿਆਣਾ ਮਈ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

ਭਾਜਪਾ ਵਲੋ ਲੁਧਿਆਣਾ ਦੇ ਪ੍ਰਧਾਨ ਪੁਸਪਿੰਦਰ ਸਿੰਘਲ ਦੀ ਅਗਵਾਈ ਵਿੱਚ ਪਾਕਿਸਤਾਨ ਵਿੱਚ ਸਿੱਖਾਂ ਦੇ ਕਤਲੇਆਮ ਤੇ ਕੈਂਡਲ ਮਾਰਚ ਭਾਜਪਾ ਦੇ ਵੱਡੀ ਗਿਣਤੀ ਵਿੱਚ ਕੀਤਾ ਗਿਆ ਇਸ ਮੌਕੇ ਤੇ ਉਚੇਚੇ ਤੌਰ ਤੇ ਭਾਜਪਾ ਤੇ ਪੰਜਾਬ ਬੁਲਾਰੇ ਗੁਰਦੀਪ ਸਿੰਘ ਗੋਸਾ ਨੇ ਵੀ ਕੈਂਡਲ ਮਾਰਚ ਵਿੱਚ ਹਾਜਰੀ ਭਰੀ ਪੁਸਪਿੰਦਰ ਸਿੰਘਲ ਤੇ ਗੁਰਦੀਪ ਸਿੰਘ ਗੋਸਾ ਨੇ ਭਰੇ ਮਨ ਨਾਲ ਬੋਲਦੇ ਕਿਹਾ ਕਿ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਬਿਲਕੁੱਲ ਸੁਰੱਖਿਅਤ ਨਹੀਂ,ਭਾਰਤ ਅਤੇ ਪਾਕਿਸਤਾਨ ਦੇਸ ਦੀ ਅਜਾਦੀ ਦੀ ਬਾਅਦ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਸਿੱਖ ਅਤੇ ਹਿੰਦੂਆਂ ਦੀ ਗਿਣਤੀ 23 ਪਰਸੈਂਟ ਸੀ ਅੱਜ ਸਿਰਫ 2 ਪਰਸੈਂਟ ਰਹਿ ਗਈਆਂ ਨੇ ਅਤੇ ਭਾਰਤ ਵਿੱਚ ਮੁਸਲਿਮ ਆਬਾਦੀ 3 ਪਰਸੈਂਟ ਸੀ ਅੱਜ 22 ਪਰਸੈਂਟ ਹੋ ਗਈ ਹੈ ਬੁੱਧੀਜੀਵੀ ਵਰਗ ਦੱਸਣ ਘੱਟ ਗਿਣਤੀਆਂ ਕਿੱਥੇ ਸੁਰੱਖਿਅਤ ਹਨ ਭਾਰਤ ਵਿੱਚ ਜਾ ਪਾਕਿਸਤਾਨ ਵਿੱਚ ਜਿਹਨਾਂ ਪੰਜਾਬੀਆ ਨੇ ਦੇਸ ਅਜਾਦ ਕਰਵਾਉਣ ਵਾਸਤੇ ਆਪਣਾ ਬਲੀਦਾਨ 85 ਪਰਸੈਂਟ ਤੋ ਵੱਧ ਦਾ ਯੋਗਦਾਨ ਪਾਇਆ ਓਹ ਅੱਜ ਆਪਣੀ ਹੋਂਦ ਬਚਾਉਣ ਦੀ ਲੜਾਈ ਪਾਕਿਸਤਾਨ ਵਿੱਚ ਲੜ ਰਹੇ ਹਨ ਕਦੀ ਪਾਕਿਸਤਾਨ ਵਿੱਚ ਹਿੰਦੂ ਸਿੱਖਾਂ ਦਾ ਕਤਲੇਆਮ ਕਦੀ ਮੰਦਿਰ ਗੁਰਦਵਾਰਿਆਂ ਤੇ ਹਮਲੇ ਕਦੀ ਉਗਰਵਾਦ ਕਦੀ ਨਸੇ ਦੀ ਮਾਰ ਇਹ ਦਰਸਾਉਂਦਾ ਹੈ ਕਿ ਪਾਕਿਸਤਾਨ ਵਿੱਚ ਲਹਿੰਦਾ ਪੰਜਾਬ ਹੋਵੇ ਜਾਂ ਜਾ ਭਾਰਤ ਦਾ ਚੜਦਾ ਪੰਜਾਬ ਇਥੇ ਕਾਨੂੰਨ ਦੀ ਸਥਿਤੀ ਲਈ ਪਾਕਿਸਤਾਨ ਸਰਕਾਰ ਅਤੇ ਰਾਜ ਸਰਕਾਰ ਜਿੰਮੇਵਾਰ ਹੈ ਪੁਸਪਿੰਦਰ ਸਿੰਘਲ ਤੇ ਗੁਰਦੀਪ ਸਿੰਘ ਗੋਸਾ ਨੇ ਪਤਿਵੰਤੁ ਪੰਨੂ ਅਤੇ ਗੋਪਾਲ ਚਾਵਲਾ ਨੂੰ ਆੜੇ ਹੱਥੀਂ ਲੈਂਦੇ ਕਿਹਾ ਸਿੱਖ ਨੌਜਵਾਨਾਂ ਨੂੰ ਭੜਕਾਉਣ ਦਾ ਕੰਮ ਕਰਕੇ ਦੇਸ ਵਿੱਚ ਅੱਗ ਲਗਾਉਣ ਵਾਲਿਆ ਦੇ ਮੂੰਹ ਅੱਜ ਕਿਓਂ ਸਿਤੇ ਪਏ ਨੇ ਕਿ ਅੱਜ ਇਹ ਮਾਮਲਾ ਪਾਕਿਸਤਾਨ ਵਿੱਚ ਹੈ ਓਥੇ ਦੀ ਸਰਕਾਰ ਇਹਨਾ ਨੂੰ ਭਾਰਤ ਵਿੱਚ ਅੱਗ ਲਗਾਉਣ ਵਿੱਚ ਸਹਾਈ ਹੁੰਦੀ ਹੈ ਭਾਜਪਾ ਦੇ ਵਰਕਰਾਂ ਨੇ ਪਾਕਿਸਤਾਨ ਨੂੰ ਤਾੜਨਾ ਦਿੰਦੇ ਕਿਹਾ ਪਾਕਿਸਤਾਨ ਸਰਕਾਰ ਘੱਟ ਗਿਣਤੀਆਂ ਤੇ ਜੁਲਮ ਬੰਦ ਕਰਨ,ਜਲਦੀ ਸਿੱਖਾਂ ਦੇ ਕਾਤਿਲ ਲੱਭਣ ਅਤੇ ਧਾਰਮਿਕ ਸਥਾਨਾਂ ਦੀ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ, ਜਗਰਾਉਂ ਪੁੱਲ ਤੇ ਸਹੀਦਾਂ ਦੇ ਬੂਤਾ ਕੋਲ ਸਿੱਖਾਂ ਨੂੰ ਕੈਂਡਲ ਲਗਾ ਕੇ ਸਰਧਾਂਜਲੀ ਭੇਟ ਕੀਤੀ।

# ਕਸਬਾ ਫਤਹਿਗੜ੍ਹ ਪੰਜਤੂਰ ਦੀਆਂ ਸੁੱਖ ਸਹੂਲਤਾਂ ਵਿੱਚ ਹੋਇਆ ਵਾਧਾ : ਕਾਕੇਸ਼ਾਹ



**ਮੋਗਾ/ਦਵਿੰਦਰ ਸਿੰਘ ਬਿੱਟੂ**

ਕਸਬਾ ਫਤਹਿਗੜ੍ਹ ਪੰਜਤੂਰ ਲੰਬੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਲਈ ਜੂਝ ਰਿਹਾ ਸੀ , ਚਾਹੇ ਸ਼ਹਿਰ ਅੰਦਰ ਸਿਹਤ ਸਹੂਲਤਾਂ ਦੀ ਸਮੱਸਿਆ ਹੋਵੇ, ਜਾਂ ਫਿਰ ਆਵਾਜਾਈ ਨੂੰ ਲੈ ਕੇ ਸਰਕਾਰੀ ਬੱਸਾਂ ਦੀ ਸ਼ਹਿਰ ਅੰਦਰ ਬੱਸ ਸਟੈਂਡ ਦੀ ਗੱਲ ਹੋਵੇ , ਖੇਤਰੀ ਇਲਾਕਾ ਹੋਣ ਕਰਕੇ ਸ਼ਹਿਰ ਅੰਦਰ ਡਾਕ ਵਿਭਾਗ , ਮਾਲ ਵਿਭਾਗ ਦੀਆਂ ਵੀ ਲੋੜੀਂਦੀਆਂ ਲੋੜਾਂ ਸ਼ਹਿਰ ਨੂੰ ਨਸੀਬ ਨਹੀਂ ਹੋ ਰਹੀਆਂ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਨਾਲ ਕਸਬਾ ਫਤਹਿਗੜ੍ਹ ਪੰਜਤੂਰ ਦੀਆਂ ਮੁੱਖ ਸਹੂਲਤਾਂ ਵਿੱਚ ਵਾਧਾ ਹੁੰਦਾ ਨਜ਼ਰ ਆ ਰਿਹਾ ਹੈ । ਜਿਸ ਤਰ੍ਹਾਂ ਸ਼ਹਿਰ ਫਤਿਹਗੜ੍ਹ ਪੰਜਤੂਰ ਦੀ 24 ਘੰਟੇ ਬਿਜਲੀ ਸਪਲਾਈ ਦਾ ਬਹੁਤ ਮਾੜਾ ਹਾਲ ਸੀ ਜੋ ਕਿ ਸ਼ਹਿਰੀ ਸਪਲਾਈ ਬਿਜਲੀ ਦੀ ਲਾਈਨ ਖੇਤਾਂ ਰਾਹੀਂ ਕੱਢੀ ਗਈ ਸੀ ਜੋ ਕਿ ਹਾੜ੍ਹੀ ਤੇ ਸਾਉਣੀ ਦੀਆਂ ਫਸਲਾਂ ਪੱਕਣ ਕਰਕੇ ਬੰਦ ਕਰ ਦਿੱਤੀ ਜਾਂਦੀ ਸੀ । ਜੋ ਸ਼ਹਿਰ ਨਿਵਾਸੀਆਂ ਲਈ ਬੜੀ ਵੱਡੀ ਮੁਸ਼ਕਲ ਦੀ ਘੜੀ ਸੀ ਇਸ ਲਈ ਸ਼ਹਿਰ ਦੀ ਸਭ ਤੋਂ ਵੱਡੀ ਸਮੱਸਿਆ ਦਾ ਹੱਲ ਕਰਦਿਆਂ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸਖਤ ਮਿਹਨਤ ਅਤੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀਆਂ ਕੋਸ਼ਿਸ਼ਾਂ ਸਦਕਾ ਅੱਜ ਸ਼ਹਿਰ ਨੂੰ 24 ਘੰਟੇ ਬਿਜਲੀ ਸਪਲਾਈ ਦੀ ਸਿੱਧੀ ਲਾਈਨ ਦੀ ਮਨਜ਼ੂਰੀ ਮਿਲ ਗਈ ਹੈ । ਜਿਸ ਦਾ ਪੂਰਾ ਸਾਮਾਨ ਆ ਚੁੱਕਾ ਹੈ, ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਆਪ ਆਗੂ ਮਨਿੰਦਰ ਸਿੰਘ ਗਿੱਲ (ਕਾਕੇਸ਼ਾਹ ) ਗੁਰਪ੍ਰੀਤ ਸਿੰਘ ਵਕੀਲ ਭੁਪੇਸ਼ ਕੁਮਾਰ ਗਰਗ ਸ਼ਹਿਰੀ ਪ੍ਰਧਾਨ , ਜਸਵੰਤ ਸਿੰਘ ਜੱਸ ਅਲਾਹਾਬਾਦ, ਡਾ ਲਛਮਣ ਸਿੰਘ ਢੋਟ , ਸਤਨਾਮ ਸਿੰਘ ਭਿੱਲੀ ਸਾਬਕਾ ਬਲਾਕ ਸੰਮਤੀ ਮੈਂਬਰ ਇੰਦਰਜੀਤ ਸਿੰਘ ਗਿੱਲ ਨੇ ਪ੍ਰੈਸ ਨੂੰ ਦੱਸਿਆ ਕਿ ਬਿਜਲੀ ਫੀਡਰ ਤੋਂ ਬਿਜਲੀ ਦੀ ਸਪਲਾਈ ਮਨਜ਼ੂਰ ਹੋਣ ਤੇ ਸ਼ਹਿਰ ਨਿਵਾਸੀ ਖੁਸ਼ ਹਨ। ਜਿਸ ਦੇ ਕੰਮਾਂ ਦਾ ਨਿਰਮਾਣ ਜਲਦੀ ਹੀ ਸ਼ੁਰੂ ਹੋ ਜਾਵੇਗਾ , ਇਸ ਮੌਕੇ ਅਮਨਦੀਪ ਸਿੰਘ ਗਿੱਲ ਸੁਰਜੀਤ ਸਿੰਘ ਭੋਲਾ ਆੜ੍ਹਤੀਆ ਬਿੱਟੂ ਆੜ੍ਹਤੀਆ ਰਣਜੀਤ ਸਿੰਘ ਵਿਰਦੀ ਗੁਰਸਿਮਰਨ ਸਿੰਘ ਢੋਟ ਨਿਦਰ ਨੀਟਾ ਰਣਜੀਤ ਸਿੰਘ ਨੇ ਆਪ ਆਗੂਆਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ।